Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 196 | 17/12/2025 | www.samajweekly.com | samajweekly | @samajweekly | samajweekly

# ਧੁੰਦ ਕਾਰਨ ਐਕਸਪ੍ਰੈਸ ਵੇਅ ਤੇ ਆਪਸ ਵਿੱਚ ਟਕਰਾਈਆਂ ਕਈ ਗੱਡੀਆਂ, 13 ਦੀ ਮੌਤ



**ਮਥੁਰਾ।** ਅੱਜ ਸਵੇਰੇ ਮਥੁਰਾ ਵਿੱਚ ਯਮੁਨਾ ਐਕਸਪ੍ਰੈਸਵੇਅ ਤੇ ਸੱਤ ਬੱਸਾਂ ਅਤੇ ਤਿੰਨ ਕਾਰਾਂ ਦੀ ਟੱਕਰ ਤੋਂ ਬਾਅਦ ਲੱਗੀ ਅੱਗ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ 13 ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਵਿੱਚ 35 ਹੋਰ ਲੋਕ ਜ਼ਖਮੀ ਹੋਏ ਹਨ। ਇਹ ਹਾਦਸਾ ਸਵੇਰੇ 4:30 ਵਜੇ ਦੇ ਕਰੀਬ ਬਲਦੇਵ ਪੁਲੀਸ ਸਟੇਸ਼ਨ ਖੇਤਰ ਵਿੱਚ ਯਮੁਨਾ ਐਕਸਪ੍ਰੈਸਵੇਅ ਤੇ ਵਾਪਰਿਆ, ਜਦੋਂ ਸੰਘਣੀ ਧੁੰਦ ਵਿੱਚ ਘੱਟੋ-ਘੱਟ ਸੱਤ ਬੱਸਾਂ ਅਤੇ ਤਿੰਨ ਛੋਟੇ ਵਾਹਨ ਆਪਸ ਵਿੱਚ ਟਕਰਾ ਗਏ। ਇਸ ਦੌਰਾਨ ਕਈ ਵਾਹਨਾਂ ਨੂੰ ਅੱਗ ਲੱਗ ਗਈ। ਮਥੁਰਾ ਦੇ ਸੀਨੀਅਰ ਪੁਲੀਸ ਸੁਪਰਡੈਂਟ ਸ਼ਲੋਕ ਕੁਮਾਰ ਨੇ ਕਿਹਾ ਕਿ ਆਗਰਾ ਤੋਂ ਨੋਇਡਾ ਜਾ ਰਹੇ ਵਾਹਨ ਇੱਕ ਦੂਜੇ ਨਾਲ ਟਕਰਾ ਗਏ। ਬਲਦੇਵ ਪੁਲੀਸ ਸਟੇਸ਼ਨ ਇੰਚਾਰਜ ਰੰਜਨਾ ਸਚਾਨ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ 13 ਹੋ ਗਈ, ਜਿਨ੍ਹਾਂ ਵਿੱਚੋਂ ਹੁਣ ਤੱਕ ਸਿਰਫ਼ ਦੋ ਦੀ ਪਛਾਣ ਹੋਈ। ਉਨ੍ਹਾਂ ਦੀ ਪਛਾਣ ਪ੍ਰਯਾਗਰਾਜ ਦੇ ਰਹਿਣ ਵਾਲੇ ਅਖਿਲੇਂਦਰ ਪ੍ਰਤਾਪ ਯਾਦਵ (44) ਅਤੇ ਮਹਾਰਾਜਗੰਜ ਜ਼ਿਲ੍ਹੇ ਦੇ ਰਹਿਣ ਵਾਲੇ ਰਾਮਪਾਲ (75) ਵਜੋਂ ਹੋਈ ਹੈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਇਹ ਸਾਰੇ ਲੋਕ ਵਾਹਨਾਂ ਵਿੱਚ ਅੱਗ ਲੱਗਣ ਤੋਂ ਬਾਅਦ ਸੜਨ ਕਾਰਨ ਮਰ ਗਏ। ਘਟਨਾ ਸਥਾਨ ਤੇ ਮੌਜੂਦ ਚਸ਼ਮਦੀਦਾਂ ਦੇ ਅਨੁਸਾਰ ਹਾਦਸਾ ਇੰਨਾ ਭਿਆਨਕ ਸੀ ਕਿ ਟੱਕਰ ਮਾਰਨ ਵਾਲੀਆਂ ਬੱਸਾਂ ਨੂੰ ਅੱਗ ਲੱਗ ਗਈ। ਉਨ੍ਹਾਂ ਨੂੰ ਕਾਬੂ ਕਰਨ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਭੇਜਿਆ ਗਿਆ। ਹਾਦਸੇ ਵਿੱਚ ਹੋਈਆਂ ਮੌਤਾਂ ਤੇ ਦੁੱਖ ਪ੍ਰਗਟ ਕਰਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਐਕਸ ਤੇ ਪੋਸਟ ਕੀਤਾ ਕਿ ਮਥੁਰਾ ਜ਼ਿਲ੍ਹੇ ਵਿੱਚ ਯਮੁਨਾ ਐਕਸਪ੍ਰੈਸਵੇਅ ਸੜਕ ਹਾਦਸਾ ਦਿਲ ਤੋੜਨ ਵਾਲਾ ਹੈ। ਮੇਰੀਆਂ ਸੰਵੇਦਨਾਵਾਂ ਸੋਗਗ੍ਰਸਤ ਪਰਿਵਾਰਾਂ ਨਾਲ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਜ਼ਖਮੀਆਂ ਦਾ ਸਹੀ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਮੈਂ ਭਗਵਾਨ ਸ਼੍ਰੀ ਰਾਮ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਣ ਅਤੇ ਜ਼ਖਮੀਆਂ ਨੂੰ ਜਲਦੀ ਠੀਕ ਹੋਣ। ਇਸ ਦੌਰਾਨ ਮੁੱਖ ਮੰਤਰੀ ਦਫ਼ਤਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦੀ ਵਿੱਤੀ ਸਹਾਇਤਾ ਦੇਣ ਦੇ ਨਿਰਦੇਸ਼ ਵੀ ਦਿੱਤੇ ਹਨ।

## ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਭਲਕੇ ਆਉਣਗੇ ਨਤੀਜੇ

### ਵੋਟਾਂ ਦੀ ਹੋਣ ਵਾਲੀ ਗਿਣਤੀ ਲਈ ਪੂਰੇ ਪ੍ਰਬੰਧ ਹੋਣ ਦਾ ਦਾਅਵਾ ਕੀਤਾ ਗਿਆ

**ਚੰਡੀਗੜ੍ਹ।** 14 ਦਸੰਬਰ ਨੂੰ ਪੰਜਾਬ ਵਿਚ 22 ਬਲਾਕ ਸੰਮਤੀਆਂ ਅਤੇ 153 ਜ਼ਿਲ੍ਹਾ ਪ੍ਰੀਸ਼ਦਾਂ ਲਈ ਪਈਆਂ ਵੋਟਾਂ ਦੀਆਂ ਸੰਦੂਕੜੀਆਂ 17 ਦਸੰਬਰ ਨੂੰ ਖੁੱਲ੍ਹਣ ਬਾਅਦ ਨਤੀਜੇ ਆਉਣਗੇ। ਇਹ ਪੇਂਡੂ ਚੋਣਾਂ ਲਈ 48 ਫ਼ੀ ਸਦੀ ਵੋਟਿੰਗ ਹੋਈ ਸੀ। ਰਾਜ ਚੋਣ ਕਮਿਸ਼ਨ ਵਲੋਂ ਇਨ੍ਹਾਂ ਵੋਟਾਂ ਦੀ ਹੋਣ ਵਾਲੀ ਗਿਣਤੀ ਲਈ ਪੂਰੇ ਪ੍ਰਬੰਧ ਹੋਣ ਦਾ ਦਾਅਵਾ ਕੀਤਾ ਗਿਆ ਹੈ। ਵੋਟ ਬਕਸੇ ਸਖ਼ਤ ਸੁਰੱਖਿਆ ਹੇਠ ਰੱਖੇ ਗਏ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਈਆਂ ਇਹ ਵੋਟਾਂ ਕਾਫ਼ੀ ਅਹਿਮ ਹਨ ਅਤੇ ਵੱਖ ਵੱਖ ਪਾਰਟੀਆਂ ਦਾ ਅਗਲੀ ਰਣਨੀਤੀ ਤੈਅ ਕਰਨ ਵਿਚ ਮਦਦਗਾਰ ਸਾਬਤ ਹੋਣਗੀਆਂ।




## ਆਸਟਰੇਲੀਆ ਬੀਚ ਗੋਲੀਬਾਰੀ: ਹੈਦਰਾਬਾਦ ਦਾ ਜੰਮਪਲ ਸੀ ਮੁੱਖ ਮੁਲਜ਼ਮ

**ਹੈਦਰਾਬਾਦ।** ਤਿਲੰਗਾਨਾ ਪੁਲੀਸ ਨੇ ਖੁਲਾਸਾ ਕੀਤਾ ਹੈ ਕਿ ਆਸਟਰੇਲੀਆ ਦੇ ਬੌਂਡੀ ਬੀਚ ’ਤੇ ਹੋਈ ਗੋਲੀਬਾਰੀ ਦਾ ਮੁੱਖ ਮੁਲਜ਼ਮ ਸਾਜਿਦ ਅਕਰਮ (50) ਹੈਦਰਾਬਾਦ ਦਾ ਜੰਮਪਲ ਸੀ ਅਤੇ ਉਸ ਕੋਲ ਭਾਰਤੀ ਪਾਸਪੋਰਟ ਸੀ। ਸੂਬੇ ਦੇ ਡੀ ਜੀ ਪੀ ਦਫ਼ਤਰ ਮੁਤਾਬਕ ਸਾਜਿਦ ਨਵੰਬਰ 1998 ਵਿੱਚ ਬੀ ਕੌਮ ਕਰਨ ਮਗਰੋਂ ਰੁਜ਼ਗਾਰ ਦੀ ਭਾਲ ’ਚ ਆਸਟਰੇਲੀਆ ਗਿਆ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਾਜਿਦ ਨੇ ਉੱਥੇ ਪੱਕੇ ਤੌਰ ’ਤੇ ਵੱਸਣ ਤੋਂ ਪਹਿਲਾਂ ਯੂਰਪੀ ਮੂਲ ਦੀ ਔਰਤ ਨਾਲ ਵਿਆਹ ਕਰਵਾਇਆ ਸੀ। ਉਨ੍ਹਾਂ ਦਾ ਪੁੱਤਰ ਨਵੀਦ (ਹਮਲੇ ਦਾ ਦੂਜਾ ਮੁਲਜ਼ਮ) ਅਤੇ ਧੀ ਆਸਟਰੇਲੀਆ ਵਿੱਚ ਹੀ ਪੈਦਾ ਹੋਏ ਸਨ ਅਤੇ ਉਹ ਉੱਥੋਂ ਦੇ ਹੀ ਨਾਗਰਿਕ ਹਨ। ਪੁਲੀਸ ਮੁਤਾਬਕ ਪਿਛਲੇ 27 ਸਾਲਾਂ ਦੌਰਾਨ ਸਾਜਿਦ ਸਿਰਫ਼ ਛੇ ਵਾਰ ਭਾਰਤ ਆਇਆ ਸੀ। ਪੁਲੀਸ ਨੇ ਸਪੱਸ਼ਟ ਕੀਤਾ ਕਿ ਸਾਜਿਦ ਅਤੇ ਉਸ ਦੇ ਪੁੱਤਰ ਨਵੀਦ ਅਕਰਮ ਦੇ ਕੱਟੜਪੰਥੀ ਬਣਨ ਦਾ ਭਾਰਤ ਜਾਂ ਤਿਲੰਗਾਨਾ ਨਾਲ ਕੋਈ ਸਬੰਧ ਨਹੀਂ ਹੈ। ਉੱਧਰ, ਆਸਟਰੇਲਿਆਈ ਪੁਲੀਸ ਨੇ ਸਿਡਨੀ ਦੇ ਮਸ਼ਹੂਰ



ਬੌਂਡੀ ਬੀਚ ’ਤੇ ਹੋਈ ਗੋਲੀਬਾਰੀ ਨੂੰ ‘ਇਸਲਾਮਿਕ ਸਟੇਟ (ਆਈ ਐੱਸ) ਤੋਂ ਪ੍ਰੇਰਿਤ ਦਹਿਸ਼ਤੀ ਹਮਲਾ’ ਕਰਾਰ ਦਿੱਤਾ ਹੈ। ਐਤਵਾਰ ਨੂੰ ਹੋਏ ਇਸ ਹਮਲੇ ਵਿੱਚ 15 ਜਣਿਆਂ ਦੀ ਮੌਤ ਹੋ ਗਈ ਸੀ ਅਤੇ 25 ਜ਼ਖ਼ਮੀ ਹੋਏ ਸਨ, ਜਿਨ੍ਹਾਂ ਵਿੱਚੋਂ 10 ਦੀ ਹਾਲਤ ਗੰਭੀਰ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਸਾਜਿਦ ਅਕਰਮ ਅਤੇ ਉਸ ਦੇ ਪੁੱਤਰ ਨਵੀਦ ਅਕਰਮ ਦੇ ਕੱਟੜਪੰਥੀ ਹੋਣ ਦੇ ਕਾਰਕਾਂ ਦਾ ਭਾਰਤ ਜਾਂ ਤਿਲੰਗਾਨਾ ਵਿੱਚ ਕਿਸੇ ਸਥਾਨਕ ਪ੍ਰਭਾਵ ਨਾਲ ਕੋਈ ਸਬੰਧ ਨਹੀਂ ਜਾਪਦਾ। ਇਸ ਵਿੱਚ ਕਿਹਾ ਗਿਆ ਹੈ ਕਿ ਸਾਜਿਦ ਅਕਰਮ ਨੇ ਹੈਦਰਾਬਾਦ ਵਿੱਚ ਆਪਣੀ ਬੀ ਕਾਮ ਦੀ ਪੜ੍ਹਾਈ ਪੂਰੀ ਕੀਤੀ ਅਤੇ ਰੁਜ਼ਗਾਰ ਦੀ ਭਾਲ ਵਿੱਚ ਨਵੰਬਰ 1998 ਵਿੱਚ ਆਸਟਰੇਲੀਆ ਪਰਵਾਸ ਕਰ ਗਿਆ। ਇਸ ਤੋਂ ਪਹਿਲਾਂ ਪੁਲੀਸ ਨੇ ਐਤਵਾਰ ਨੂੰ ਬੌਂਡੀ ਬੀਚ ’ਤੇ ਹੋਏ ਹਮਲੇ ਦੇ ਮਾਮਲੇ ’ਚ ਵੱਖ-ਵੱਖ ਥਾਈਂ ਛਾਪੇ ਮਾਰ ਕੇ ਦੋ ਮਸ਼ਕੂਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬੀਚ ’ਤੇ ਪਿਉ ਅਤੇ ਪੁੱਤਰ ਨੇ ਯਹੂਦੀਆਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਸੀ। ਉਨ੍ਹਾਂ ਦੀ ਪਛਾਣ ਸਾਜਿਦ ਅਕਰਮ (50) ਵਜੋਂ ਹੋਈ ਹੈ, ਜੋ ਪੁਲੀਸ ਦੀ ਜਵਾਬੀ ਗੋਲੀਬਾਰੀ ’ਚ ਮਾਰਿਆ ਗਿਆ, ਜਦਕਿ ਉਸ ਦਾ ਪੁੱਤਰ ਨਵੀਦ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ’ਚ ਜ਼ੇਰੇ ਇਲਾਜ ਹੈ। ਪੁਲੀਸ ਜਾਂਚ ’ਚ ਖ਼ੁਲਾਸਾ ਹੋਇਆ ਹੈ ਕਿ ਦੋਵੇਂ ਪਿਉ-ਪੁੱਤਰ ਸਿਡਨੀ ਦੇ ਉਪਨਗਰ ਕੈਂਪਸੀ ਵਿੱਚ ਕਿਰਾਏ ਉੱਤੇ ਰਹਿੰਦੇ ਸਨ। ਪੁਲੀਸ ਨੇ ਉੱਥੋਂ ਦੋ ਮਸ਼ਕੂਕਾਂ ਨੂੰ ਹਿਰਾਸਤ ’ਚ ਲਿਆ ਹੈ। ਸਾਜਿਦ ‘ਮਨੋਰੰਜਨ ਫਾਇਰਆਰਮ ਕਲੱਬ’ ਦਾ ਮੈਂਬਰ ਸੀ, ਜਿੱਥੋਂ ਉਸ ਨੇ ਬੰਦੂਕ ਚਲਾਉਣ ਅਤੇ ਨਿਸ਼ਾਨੇਬਾਜ਼ੀ ਦੀ ਸਿਖਲਾਈ ਲਈ ਸੀ।

# ਦਿੱਲੀ ਵਿੱਚ ਘੱਟ ਦ੍ਰਿਸ਼ਟੀ ਦੇ ਕਾਰਨ ਵਿਵਸਥਾ ਠੱਪ, ਆਈਜੀਆਈ ਹਵਾਈ ਅੱਡੇ ਤੋਂ 228 ਉਡਾਣਾਂ ਰੱਦ

**ਨਵੀਂ ਦਿੱਲੀ।** ਦਿੱਲੀ-ਐਨਸੀਆਰ ਵਿੱਚ ਹਵਾ ਦੀ ਗੁਣਵੱਤਾ ਗੰਭੀਰ ਸ਼੍ਰੇਣੀ ਵਿੱਚ ਪਹੁੰਚ ਗਈ ਹੈ। ਰਾਜਧਾਨੀ ਵਿੱਚ ਧੂੰਏਂ ਦੀ ਸੰਘਣੀ ਚਾਦਰ ਛਾਈ ਹੋਈ ਹੈ, ਜਿਸ ਕਾਰਨ ਲੋਕਾਂ ਲਈ ਸਾਹ ਲੈਣਾ ਮੁਸ਼ਕਲ ਹੋ ਗਿਆ ਹੈ। ਸੋਮਵਾਰ ਸਵੇਰੇ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਖ਼ਤਰਨਾਕ ਰਹੀ, ਹਵਾ ਗੁਣਵੱਤਾ ਸੂਚਕਾਂਕ (AQI) 498 ਤੱਕ ਪਹੁੰਚ ਗਿਆ ਅਤੇ ਸ਼ਾਮ ਤੱਕ 427 'ਤੇ ਪਹੁੰਚ ਗਿਆ, ਜਿਸ ਨਾਲ ਸ਼ਹਿਰ "ਗੰਭੀਰ" ਪ੍ਰਦੂਸ਼ਣ ਸ਼੍ਰੇਣੀ ਵਿੱਚ ਆ ਗਿਆ। ਜ਼ਹਿਰੀਲੇ ਧੂੰਏਂ ਦੀ ਮੋਟੀ ਪਰਤ ਨੇ ਦਿੱਲੀ ਦੇ ਕਈ ਇਲਾਕਿਆਂ ਵਿੱਚ ਦ੍ਰਿਸ਼ਟੀ ਨੂੰ ਘਟਾ ਦਿੱਤਾ। ਘੱਟ ਦ੍ਰਿਸ਼ਟੀ ਦੇ ਕਾਰਨ, ਇੰਦਰਾ ਗਾਂਧੀ ਅੰਤਰਰਾਸ਼ਟਰੀ (ਾਈਜੀ)



ਹਵਾਈ ਅੱਡੇ ਤੋਂ 228 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ, ਜਦੋਂ ਕਿ 5 ਉਡਾਣਾਂ ਨੂੰ ਡਾਇਵਰਟ ਕੀਤਾ ਗਿਆ। ਦਿੱਲੀ ਹਵਾਈ ਅੱਡਾ ਦੇਸ਼ ਦਾ ਸਭ ਤੋਂ ਵਿਅਸਤ ਹਵਾਈ ਅੱਡਾ ਹੈ, ਜਿਥੇ ਰੋਜ਼ਾਨਾ ਲਗਭਗ 1,300 ਉਡਾਣਾਂ ਉਡਦੀਆਂ ਹਨ। ਇੰਡੀਗੋ ਨੇ ਕਿਹਾ ਕਿ ਸਵੇਰੇ ਘੱਟ ਦ੍ਰਿਸ਼ਟੀ ਕਾਰਨ ਹਵਾਈ ਆਵਾਜਾਈ ਵਿੱਚ ਵਿਘਨ ਪਿਆ। ਜਿਸ ਕਾਰਨ ਦਿਨ ਭਰ ਸੁਰੱਖਿਅਤ ਅਤੇ ਅਨੁਕੂਲ ਕਾਰਜਾਂ ਨੂੰ ਬਣਾਈ ਰੱਖਣ ਲਈ ਕੁਝ ਉਡਾਣਾਂ ਨੂੰ ਰੱਦ ਕਰਨਾ ਪਿਆ। ਦਿੱਲੀ ਹਵਾਈ ਅੱਡੇ 'ਤੇ ਹਫੜਾ-ਦਫੜੀ ਮਚ ਗਈ ਕਿਉਂਕਿ ਬਹੁਤ ਸਾਰੇ ਯਾਤਰੀ ਫਸੇ ਹੋਏ ਸਨ ਅਤੇ ਆਪਣੇ ਸਮਾਨ ਲਈ ਘੰਟਿਆਂਬੱਧੀ ਉਡੀਕ ਕਰ ਰਹੇ ਸਨ।

## ਮਨਰੇਗਾ ਦੀ ਥਾਂ 'ਜੀ ਰਾਮ ਜੀ' ਬਿਲ ਲਿਆਵੇਗੀ ਸਰਕਾਰ

**ਨਵੀਂ ਦਿੱਲੀ ।** ਮੌਜੂਦਾ ਪੇਂਡੂ ਰੁਜ਼ਗਾਰ ਕਾਨੂੰਨ ਮਨਰੇਗਾ ਨੂੰ ਬਦਲਣ ਲਈ ਵਿਕਸਿਤ ਭਾਰਤ ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵੀ.ਬੀ.-ਜੀ ਰਾਮ ਜੀ) ਬਿਲ, 2025 ਨੂੰ ਲੋਕ ਸਭਾ 'ਚ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ।

ਬਿਲ ਦੀ ਇਕ ਕਾਪੀ ਅਨੁਸਾਰ, ਇਹ ਹਰ ਵਿੱਤੀ ਸਾਲ ਵਿਚ ਹਰ ਪੇਂਡੂ ਪਰਵਾਰ ਨੂੰ 125 ਦਿਨਾਂ ਦੀ ਦਿਹਾੜੀ ਵਾਲੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਪ੍ਰਦਾਨ ਕਰੇਗਾ ਜਿਸ ਦੇ ਬਾਲਗ ਮੈਂਬਰ ਸਵੈ-ਇੱਛਾ ਨਾਲ ਗੈਰ-ਹੁਨਰਮੰਦ ਹੱਥੀਂ ਕੰਮ ਕਰਦੇ ਹਨ। ਵੀ.ਬੀ-ਜੀ ਰਾਮ ਜੀ ਕਾਨੂੰਨ ਬਣਨ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ, ਸੂਬਿਆਂ ਨੂੰ ਨਵੇਂ ਕਾਨੂੰਨ ਦੇ ਉਪਬੰਧਾਂ ਦੇ ਅਨੁਸਾਰ ਇਕ ਯੋਜਨਾ ਬਣਾਉਣੀ ਪਵੇਗੀ। ਕੇਂਦਰੀ ਸਪਾਂਸਰ ਕੀਤੀ ਗਈ ਇਸ ਯੋਜਨਾ ਦੇ ਤਹਿਤ ਵਿੱਤੀ ਦੇਣਦਾਰੀ ਕੇਂਦਰ ਅਤੇ ਸੂਬਾ ਸਰਕਾਰਾਂ ਵਿਚਾਲੇ ਸਾਂਝੀ ਕੀਤੀ ਜਾਵੇਗੀ। ਉੱਤਰ-ਪੂਰਬੀ ਸੂਬਿਆਂ ਅਤੇ ਹਿਮਾਲਿਆਈ ਸੂਬਿਆਂ ਲਈ ਇਹ 90:10



ਅਤੇ ਵਿਧਾਨ ਸਭਾ ਵਾਲੇ ਹੋਰ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ 60:40 ਹੋਵੇਗਾ। ਵਿਧਾਨ ਸਭਾ ਤੋਂ ਬਿਨਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ, ਸਾਰਾ ਖਰਚਾ ਕੇਂਦਰ ਵਲੋਂ ਸਹਿਣ ਕੀਤਾ ਜਾਵੇਗਾ। ਮਨਰੇਗਾ 100 ਫ਼ੀ ਸਦੀ ਕੇਂਦਰੀ ਸਪਾਂਸਰਡ ਸਕੀਮ ਸੀ।

## ''ਭਗਵਾਨ ਨੂੰ ਵੀ ਚੈਨ ਨਾਲ ਸੌਣ ਨਹੀਂ ਦਿੰਦੇ'', ਸੁਪਰੀਮ ਕੋਰਟ ਨੇ ਅਮੀਰ ਲੋਕਾਂ ਵਲੋਂ 'ਵਿਸ਼ੇਸ਼ ਪੂਜਾ' ਉਤੇ ਦੁੱਖ ਜ਼ਾਹਰ ਕੀਤਾ

**ਨਵੀਂ ਦਿੱਲੀ ।** ਸੁਪਰੀਮ ਕੋਰਟ ਨੇ ਲੋਕਾਂ ਵਲੋਂ ਪੈਸੇ ਦੇਣ ਤੋਂ ਬਾਅਦ ਮੰਦਰਾਂ 'ਚ ਵਿਸ਼ੇਸ਼ ਪੂਜਾ ਕਰਨ ਦੀ ਇਜਾਜ਼ਤ ਦੇਣ ਦੀ ਪ੍ਰਥਾ ਉਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਅਦਾਲਤ ਨੇ ਕਿਹਾ ਕਿ ਇਸ ਨਾਲ ਭਗਵਾਨ ਦੇ ਆਰਾਮ ਕਰਨ ਦੇ ਸਮੇਂ ਵਿਚ ਖਲਲ ਪੈਂਦਾ ਹੈ। ਅਦਾਲਤ ਨੇ ਵਰਿੰਦਾਵਨ ਦੇ ਮਸ਼ਹੂਰ ਬਾਂਕੇ ਬਿਹਾਰੀ ਜੀ ਮੰਦਰ ਵਿਚ 'ਦਰਸ਼ਨ' ਦੇ ਸਮੇਂ ਵਿਚ ਬਦਲਾਅ ਅਤੇ ਮੰਦਰ ਦੇ ਅਭਿਆਸਾਂ ਵਿਰੁਧ ਪਟੀਸ਼ਨ ਉਤੇ ਅਥਾਰਟੀਆਂ ਤੋਂ ਜਵਾਬ ਮੰਗਿਆ ਹੈ। ਅਦਾਲਤ ਨੇ ਸੁਪਰੀਮ ਕੋਰਟ ਵਲੋਂ ਨਿਯੁਕਤ ਉੱਚ ਤਾਕਤੀ ਮੰਦਰ ਪ੍ਰਬੰਧਨ ਕਮੇਟੀ ਅਤੇ ਉੱਤਰ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਇਸ ਮਾਮਲੇ ਉਤੇ ਜਨਵਰੀ ਦੇ ਪਹਿਲੇ ਹਫ਼ਤੇ ਵਿਚਾਰ ਕਰਨ ਲਈ ਸੂਚੀਬੱਧ ਕੀਤਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਯਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪਾਮਚੋਲੀ ਦੀ ਬੈਂਚ ਨੇ ਸੀਨੀਅਰ ਵਕੀਲ ਸ਼ਿਆਮ ਦੀਵਾਨ ਅਤੇ ਵਕੀਲ ਤਨਵੀ ਦੂਬੇ ਦੀਆਂ ਦਲੀਲਾਂ ਉਤੇ ਗੌਰ ਕੀਤਾ ਜਿਸ 'ਚ ਬਾਂਕੇ ਬਿਹਾਰੀ ਜੀ ਮੰਦਰ 'ਚ ਦਰਸ਼ਨ ਦੇ ਸਮੇਂ 'ਚ ਤਬਦੀਲੀ ਅਤੇ ਦੇਹਰੀ ਪੂਜਾ ਸਮੇਤ ਕੁੱਝ ਜ਼ਰੂਰੀ ਧਾਰਮਕ



ਰਸਮਾਂ ਉਤੇ ਰੋਕ ਲਗਾਉਣ ਦੀ ਨਿੰਦਾ ਕੀਤੀ ਗਈ। ਦੀਵਾਨ ਨੇ ਕਿਹਾ, ''ਇਹ ਦਰਸ਼ਨ ਦਾ ਸਮਾਂ ਪਰੰਪਰਾ ਅਤੇ ਰੀਤੀ-ਰਿਵਾਜਾਂ ਦਾ ਹਿੱਸਾ ਹਨ। ਜਿਸ ਸਮੇਂ ਦੌਰਾਨ ਮੰਦਰ ਲੋਕਾਂ ਲਈ ਖੁੱਲ੍ਹਾ ਹੁੰਦਾ ਹੈ, ਉਹ ਇਕ ਲੰਬੀ ਪਰੰਪਰਾ ਦਾ ਹਿੱਸਾ ਹੈ।'' ਉਨ੍ਹਾਂ ਕਿਹਾ ਕਿ ਮੰਦਰ ਦੇ ਸਮੇਂ 'ਚ ਬਦਲਾਅ ਨਾਲ ਮੰਦਰ ਦੀਆਂ ਅੰਦਰੂਨੀ ਰਸਮਾਂ 'ਚ ਬਦਲਾਅ ਆਇਆ ਹੈ, ਜਿਸ 'ਚ ਉਹ ਸਮਾਂ ਵੀ ਸ਼ਾਮਲ ਹੈ ਜਦੋਂ ਦੇਵਤਾ ਸਵੇਰੇ ਉੱਠਦਾ ਹੈ ਅਤੇ ਰਾਤ ਨੂੰ ਸੌਂਦਾ ਹੈ। ਉਨ੍ਹਾਂ ਕਿਹਾ, ''ਉਹ ਦੁਪਹਿਰ 12 ਵਜੇ ਮੰਦਰ ਬੰਦ ਕਰਨ ਤੋਂ ਬਾਅਦ ਇਕ ਸਕਿੰਟ ਵੀ ਆਰਾਮ ਨਹੀਂ ਕਰਨ ਦਿੰਦੇ ਅਤੇ ਉਹ ਦੇਵਤਾ ਦਾ ਸੋਸ਼ਣ ਕਰਦੇ ਹਨ। ਅਖੌਤੀ ਅਮੀਰ ਲੋਕਾਂ, ਜੋ ਭਾਰੀ ਰਕਮ ਅਦਾ ਕਰ ਸਕਦੇ ਹਨ, ਨੂੰ ਵਿਸ਼ੇਸ਼ ਪੂਜਾ ਕਰਨ ਦੀ ਇਜਾਜ਼ਤ ਹੈ। ਇਹ ਸਮਾਂ ਪਵਿੱਤਰ ਹੈ ਅਤੇ ਇਸ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।''ਮੰਦਰ ਸੇਵਾਇਤਾਂ ਦੀ ਨੁਮਾਇੰਦਗੀ ਕਰਨ ਵਾਲੇ ਦੀਵਾਨ ਅਤੇ ਦੂਨੀ ਨੇ ਕਿਹਾ ਕਿ ਪੂਜਾ ਦੇ ਸਮੇਂ ਪਵਿੱਤਰ ਹਨ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਦਲੀਲਾਂ ਸੁਣਨ ਤੋਂ ਬਾਅਦ ਬੈਂਚ ਨੇ ਹੁਕਮ ਦਿਤਾ ਕਿ ਮੰਦਰ ਪ੍ਰਬੰਧਕ ਕਮੇਟੀ ਸਮੇਤ ਸਬੰਧਤ ਧਿਰਾਂ ਨੂੰ ਨੋਟਿਸ ਦਿਤਾ ਜਾਵੇ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮੁਹਾਲੀ ਪੁਲੀਸ ਨੇ 24 ਘੰਟਿਆਂ ਵਿੱਚ ਸੁਲਝਾਇਆ ਸੋਹਾਣਾ ਥਾਣਾ ਖੇਤਰ ਵਿੱਚ ਹੋਏ ਕਤਲ ਦਾ ਮਾਮਲਾ, ਤਿੰਨ ਆਰੋਪੀ ਗ੍ਰਿਫਤਾਰ

**ਐਸ ਏ ਐਸ ਨਗਰ।** ਮੁਹਾਲੀ ਪੁਲੀਸ ਨੇ ਬੀਤੇ ਦਿਨ ਸੋਹਾਣਾ ਥਾਣਾ ਖੇਤਰ ਵਿੱਚ ਹੋਏ ਕਤਲ ਦਾ ਮਾਮਲਾ 24 ਘੰਟਿਆਂ ਵਿੱਚ ਸੁਲਝਾਉਣ ਦਾ ਦਾਅਵਾ ਕਰਦਿਆਂ ਤਿੰਨ ਆਰੋਪੀਆਂ ਨੂੰ ਗ੍ਰਿਫਤਾਰ ਕੀਤਾ ਹੈ। ਡੀ ਐਸ ਪੀ ਸਿਟੀ 2 ਸਜ਼. ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਬੀਤੇ ਦਿਨ ਪੁਲੀਸ ਨੂੰਜਾਣਕਾਰੀ ਮਿਲੀ ਸੀ ਕਿ ਪਿੰਡ ਦੁਰਾਲੀ ਰੇਲਵੇ ਲਾਇਨ ਕੋਲ ਇਕ ਡੈਡ ਬਾਡੀ ਮਿਲੀ ਹੈ। ਉਹਨਾਂ ਦੱਸਿਆ ਕਿ ਥਾਣਾ ਸੋਹਾਣਾ ਮੁੱਖ ਅਫਸਰ ਇੰਸਪੈਕਟਰ ਸੁਨੀਲ ਕੁਮਾਰ ਦੀ ਅਗਵਾਈ ਵਿੱਚ ਜਾਂਚ ਟੀਮ ਮੌਕੇ ਤੇ ਪਹੁੰਚੀ ਅਤੇ ਗੁਰਦੀਪ ਸਿੰਘ ਵਾਸੀ ਪਿੰਡ ਸੋਹਾਣਾ ਦੀ ਮ੍ਰਿਤਕ ਦੇਹ ਬਰਾਮਦ ਕੀਤੀ। ਉਹਨਾਂ ਦੱਸਿਆ ਕਿ ਪੁਲੀਸ ਨੇ ਮੌਕੇ ਤੇ ਮੌਜੂਦ ਗੁਰਦੀਪ ਸਿੰਘ ਦੇ ਸਭ ਤੋਂ ਛੋਟੇ ਭਰਾ ਸੰਦੀਪ ਸਿੰਘ ਦੇ ਬਿਆਨਾਂ ਦੇ ਆਧਾਰ ਤੇ ਮ੍ਰਿਤਕ ਦੇ ਭਰਾ ਸੁਖਬੀਰ ਸਿੰਘ ਅਤੇ ਉਸਦੇ ਸਾਥੀਆਂ ਦੇ ਖਿਲਾਫ ਬੀ ਐਨ ਐਸ ਦੀ ਧਾਰਾ 103(1), 238, 3(5) ਤਹਿਤ ਮਾਮਲਾ ਦਰਜ ਕੀਤਾ ਸੀ। ਉਹਨਾਂ ਦੱਸਿਆ ਕਿ ਸ਼ਿਕਾਇਤ ਕਰਤਾ ਅਨੁਸਾਰ ਉਸਦਾ ਭਰਾ ਸੁਖਬੀਰ ਅਕਸਰ ਗੁਰਦੀਪ ਨਾਲ ਝਗੜਾ ਕਰਦਾ ਸੀ ਅਤੇ ਇਹ ਕਤਲ ਉਸੇ ਨੇ ਕੀਤਾ ਹੈ। ਸ. ਬੱਲ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਐਸ ਐਸ ਪੀ ਸਜ਼. ਹਰਮਨਦੀਪ ਸਿੰਘ ਹਾਂਸ ਦੀਆਂ ਹਿਦਾਇਤਾਂ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਟੀਮ ਬਣਾਈ ਗਈ ਸੀ ਜਿਨ੍ਹਾ ਮੁਸ਼ਤੈਦੀ ਨਾਲ ਕੰਮ ਕਰਦੇ ਹੋਏ ਅੱਜ ਸੁਖਵੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਸੁਖਵੀਰ ਸਿੰਘ ਨੇ ਪੁੱਛ ਗਿੱਛ ਦੌਰਾਨ ਦੱਸਿਆ ਕਿ ਇਸ ਵਾਰਦਾਤ ਵੇਲੇ ਉਸ ਨਾਲ ਗਗਨਦੀਪ ਸਿੰਘ ਉਰਫ ਗੱਗੂ ਵਾਸੀ ਅੰਬ ਸਾਹਿਬ ਕਲੋਨੀ ਫੇਜ਼-11 ਮੁਹਾਲੀ ਅਤੇ ਬਲਜੋਤ ਸਿੰਘ ਉਰਫ ਲਾਡੀ ਵਾਸੀ ਮਕਾਨ ਨੂੰ ਫੇਜ਼-11 ਮੁਹਾਲੀ ਵੀ ਸ਼ਾਮਿਲ ਸਨ। ਅਤੇ ਪੁਲੀਸ ਵਲੋਂ ਇਹਨ ਦੋਵਾਂ ਨੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।ਉਹਨਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਸਾਮ੍ਹਣੇ ਆਇਆ ਹੈ ਕਿ ਮੁਲਜਮਾਂ ਵਲੋਂ ਗੁਰਦੀਪ ਸਿੰਘ ਦਾ ਕਤਲ ਕਰਨ ਉਪਰੰਤ ਲਾਸ਼ ਨੂੰ ਅੱਗ ਲਗਾ ਦਿੱਤੀ ਸੀ ਅਤੇ ਮੌਕੇ ਤੋਂ ਫਰਾਰ ਹੋ ਗਏ ਸਨ। ਪੁਲੀਸ ਵਲੋਂ ਆਰੋਪੀਆਂ ਦਾ ਦੋ ਦਿਨਾਂ ਦਾ ਰਿਮਾਂਡ ਹਾਸਿਲ ਕੀਤਾ ਗਿਆ ਹੈ ਅਤੇ ਆਰੋਪੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਟਾਇਰ ਫਟਣ ਨਾਲ ਡਿਵਾਈਡਰ ਨਾਲ ਟਕਰਾਈ ਫਾਰਚੂਨਰ, 4 ਵਿਅਕਤੀਆਂ ਦੀ ਮੌਤ



**ਉਨਾਓ।** ਉੱਤਰ ਪ੍ਰਦੇਸ਼ ਦੇ ਉਨਾਓ ਜ਼ਿਲ੍ਹੇ ਦੇ ਬੰਗਾਰਮਾਊ ਕੋਤਵਾਲੀ ਖੇਤਰ ਵਿੱਚ ਆਗਰਾ-ਲਖਨਊ ਐਕਸਪ੍ਰੈਸਵੇਅ ਤੇ ਅੱਜ ਸਵੇਰੇ ਇੱਕ ਲਗਜ਼ਰੀ ਕਾਰ ਦੇ ਹਾਦਸਾਗ੍ਰਸਤ ਹੋਣ ਦੀ ਸੂਚਨਾ ਮਿਲੀ, ਜਿਸ ਦੌਰਾਨ ਕਾਰ ਸਵਾਰ ਚਾਰ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਸਵੇਰੇ 6 ਵਜੇ ਦੇ ਕਰੀਬ ਐਕਸਪ੍ਰੈਸਵੇਅ ਹਵਾਈ ਪੱਟੀ ਦੇ 241 ਕਿਲੋਮੀਟਰ ਨੇੜੇ ਵਾਪਰਿਆ ਹੈ। ਘਟਨਾ ਦੀ ਸੂਚਨਾ ਮਿਲਣ ਤੇ ਪੁਲੀਸ ਮੌਕੇ ਤੇ ਪਹੁੰਚੀ, ਜਿਸ ਨੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਪੁਲੀਸ ਦੇ ਅਨੁਸਾਰ ਆਗਰਾ ਤੋਂ ਲਖਨਊ ਜਾ ਰਹੀ ਇੱਕ ਫਾਰਚੂਨਰ ਕਾਰ ਦਾ ਟਾਇਰ ਫੱਟ ਗਿਆ, ਜਿਸ ਕਾਰਨ ਗੱਡੀ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਡਿਵਾਈਡਰ ਨਾਲ ਟਕਰਾ ਗਈ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਦਾ ਇੱਕ ਹਿੱਸਾ ਪੂਰੀ ਤਰ੍ਹਾਂ ਨੁਕਸਾਨਿਆ ਗਿਆ। ਸੂਚਨਾ ਮਿਲਣ ਤੇ ਪੁਲੀਸ ਅਤੇ ਯੂਪੀਡੀਏ ਦੀ ਟੀਮ ਪਹੁੰਚ ਗਈ, ਜਿਸ ਨੇ ਬਚਾਅ ਕਾਰਜ ਕਰਦੇ ਹੋਏ ਚਾਰੇ ਗੰਭੀਰ ਜ਼ਖਮੀ ਯਾਤਰੀਆਂ ਨੂੰ ਬਾਹਰ ਕੱਢ ਕੇ ਇਲਾਜ ਲਈ ਬੰਗਾਰਮਾਊ ਸੀਐਚਸੀ ਭੇਜ ਦਿੱਤਾ। ਇਸ ਦੌਰਾਨ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਚਸ਼ਮਦੀਦਾਂ ਨੇ ਦੱਸਿਆ ਕਿ ਇਸ ਹਾਦਸੇ ਤੋਂ ਬਾਅਦ ਡਰਾਈਵਰ ਗੱਡੀ ਤੋਂ ਬਾਹਰ ਡਿੱਗ ਗਿਆ ਅਤੇ ਕਾਰ ਲਗਭਗ 500 ਮੀਟਰ ਤੱਕ ਘਸੀਟਦੀ ਰਹੀ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਹਾਦਸੇ ਦਾ ਕਾਰਨ ਸੰਘਣੀ ਧੁੰਦ ਅਤੇ ਟਾਇਰ ਦਾ ਅਚਾਨਕ ਫੱਟ ਜਾਣਾ ਦੱਸਿਆ ਜਾ ਰਿਹਾ ਹੈ। ਪੁਲਸ ਨੇ ਦੱਸਿਆ ਕਿ ਗਾਜ਼ੀਆਬਾਦ ਦੇ ਨਮਕ ਵਪਾਰੀ ਆਪਣੀ ਫਾਰਚੂਨਰ ਕਾਰ ਵਿੱਚ ਸੁਹੇਲਦੇਵ ਸਮਾਜ ਪਾਰਟੀ ਦੇ ਮੁਖੀ ਓਪੀ ਰਾਜਭਰ ਨੂੰ ਮਿਲਣ ਲਈ ਲਖਨਊ ਜਾ ਰਹੇ ਸਨ। ਹਾਦਸੇ ਵਿਚ ਮਾਰੇ ਗਏ ਲੋਕਾਂ ਦੀ ਪਛਾਣ ਅਸ਼ੋਕ ਅਗਰਵਾਲ (57), ਆਕਾਸ਼ ਅਗਰਵਾਲ (35) ਅਤੇ ਅਭਿਨਵ ਅਗਰਵਾਲ (20) ਵਜੋਂ ਹੋਈ ਹੈ, ਜੋ ਗਾਜ਼ੀਆਬਾਦ ਦੇ ਮੋਦੀਨਗਰ ਦੇ ਰਹਿਣ ਵਾਲੇ ਹਨ। ਚੌਥੇ ਮ੍ਰਿਤਕ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ ਹੈ।

## ਮੁਹਾਲੀ ਪੁਲੀਸ ਵੱਲੋਂ ਰਾਣਾ ਬਲਚੌਰੀਆ ਤੇ ਗੋਲੀ ਚਲਾਉਣ ਵਾਲੇ ਸ਼ੂਟਰਾਂ ਦੀ ਪਛਾਣ



**ਐਸ ਏ ਐਸ ਨਗਰ।** ਬੀਤੀ ਦੇਰ ਸ਼ਾਮ ਸੋਹਾਣਾ ਨੇੜੇ ਚਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਆਮ ਦਰਸ਼ਕਾਂ ਦੇ ਭੇਸ਼ ਵਿੱਚ ਆਏ ਸ਼ੂਟਰਾਂ ਵਲੋਂ ਪ੍ਰਸਿੱਧ ਕਬੱਡੀ ਪ੍ਰਮੋਟਰ ਕੁੰਵਰ ਦਿਗਵਿਜੈ ਸਿੰਘ ਉਰਫ਼ ਰਾਣਾ ਬਲਾਚੌਰੀਆ ਨੂੰ ਗੋਲੀਆਂ ਮਾਰ ਕੇ ਉਸਦਾ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਮੁਹਾਲੀ ਪੁਲੀਸ ਇਸ ਘਟਨਾ ਵਿੱਚ ਸ਼ਾਮਲ ਦੋਵਾਂ ਸ਼ੂਟਰਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਵਿਆਪਕ ਮੁਹਿੰਮ ਚਲਾਈ ਜਾ ਰਹੀ ਹੈ। ਐਸ ਐਸ ਪੀ ਐਸ ਏ ਐਸ ਨਗਰ ਸਜ਼. ਹਰਮਨਦੀਪ ਸਿੰਘ ਹਾਂਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿ ਸ਼ੂਟਰਾਂ ਦੀ ਪਛਾਣ ਆਦਿਤਿਆ ਕਪੂਰ ਉਰਫ਼ ਮੱਖਣ ਅਤੇ ਕਰਨ ਪਾਠਕ ਉਰਫ਼ ਡਿਫਾਲਟਰ ਕਰਨ ਵਜੋਂ ਹੋਈ ਹੈ। ਉਹਨਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਵੇਂ ਆਰੋਪੀ ਡੋਨੀ ਬੱਲ ਅਤੇ ਲੱਕੀ ਪਟਿਆਲ ਗੈਂਗ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਕਤਲ ਦੇ ਪਿੱਛੇ ਦੇ ਮਕਸਦ ਦਾ ਪਤਾ ਨਹੀਂ ਲੱਗ ਪਾਇਆ ਹੈ ਪਰੰਤੂ ਲੱਗਦਾ ਹੈ ਕਿ ਇਸਦਾ ਮੁੱਖ ਕਾਰਨ ਕਬੱਡੀ ਟੂਰਨਾਮੈਂਟਾਂ ਵਿੱਚ ਆਪਣਾ ਦਬਦਬਾ ਕਾਇਮ ਰੱਖਣਾ ਦਿਖਾਈ ਦੇ ਰਿਹਾ ਹੈ। ਉਹਨਾਂ ਦੱਸਿਆ ਕਿ ਆਰੋਪੀਆਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ 12 ਵਿਸ਼ੇਸ਼ ਪੁਲੀਸ ਟੀਮਾਂ ਦਾ ਗਠਨ ਕਰਕੇ ਵੱਖ-ਵੱਖ ਥਾਵਾਂ ਤੇ ਭੇਜੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾ ਸਕੇ। ਇਸ ਸੰਬੰਧੀ ਸੋਸ਼ਲ ਮੀਡੀਆ ਤੇ ਫੈਲ ਰਹੀਆਂ ਅਫ਼ਵਾਹਾਂ ਨੂੰ ਨਕਾਰਦਿਆਂ ਐਸ ਐਸ ਪੀ ਹਾਂਸ ਨੇ ਸਪਸ਼ਟ ਕੀਤਾ ਕਿ ਇਸ ਕਤਲ ਦਾ ਸਿੱਧੂ ਮੂਸੇਵਾਲਾ ਕਤਲ ਮਾਮਲੇ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਜਾਂਚ ਅਨੁਸਾਰ ਇਹ ਘਟਨਾ ਗੈਂਗਸਟਰਾਂ ਵੱਲੋਂ ਕਬੱਡੀ ਮੈਚਾਂ ਤੇ ਆਪਣਾ ਕਬਜ਼ਾ ਅਤੇ ਦਬਦਬਾ ਬਣਾਉਣ ਨਾਲ ਜੁੜੀ ਹੋਈ ਹੈ। ਹਮਲਾਵਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਦੱਸਦਿਆਂ ਐਸ ਐਸ ਪੀ ਨੇ ਕਿਹਾ ਕਿ ਆਦਿਤਿਆ ਕਪੂਰ ਖ਼ਿਲਾਫ਼ ਵੱਖ-ਵੱਖ ਪੁਲੀਸ ਥਾਣਿਆਂ ਵਿੱਚ 13 ਐਫ ਆਈ ਆਰ ਦਰਜ ਹਨ, ਜਦਕਿ ਕਰਨ ਪਾਠਕ ਖ਼ਿਲਾਫ਼ 2 ਐਫ ਆਈ ਆਰ ਦਰਜ ਹਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਟੂਰਨਾਮੈਂਟ ਆਯੋਜਕ ਕਮੇਟੀ ਕੋਲ ਟੂਰਨਾਮੈਂਟ ਕਰਵਾਉਣ ਲਈ ਸਾਰੀਆਂ ਲੋੜੀਂਦੀਆਂ ਮਨਜ਼ੂਰੀਆਂ ਸਨ ਅਤੇ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਰਾਣਾ ਬਲਾਚੌਰੀਆ ਵੱਲੋਂ ਸਪਾਂਸਰਡ ਟੀਮ ਦਾ ਮੈਚ ਸਮਾਪਤ ਹੋਣ ਉਪਰੰਤ ਉਹ ਮੈਦਾਨ ਤੋਂ ਬਾਹਰ ਨਿਕਲ ਰਹੇ ਸਨ। ਉਹਨਾਂ ਕਿਹਾ ਕਿ ਪੰਜਾਬ ਪੁਲੀਸ, ਅਜਿਹੀਆਂ ਅਪਰਾਧਿਕ ਗਤੀਵਿਧੀਆਂ ਤੇ ਕਾਬੂ ਪਾਉਣ ਲਈ ਪੂਰੀ ਤਰ੍ਹਾਂ ਸਮਰੱਥ ਹੈ ਅਤੇ ਆਰੋਪੀਆਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING :- Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਉੱਘੇ ਸਾਹਿਤਕਾਰ ਸ੍ਰੀ ਆਰਿਫ ਹਲੀਮ ਦੀ ਯਾਦ ਵਿੱਚ ਬੈਠਕ ਦਾ ਆਯੋਜਨ



**ਮਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਬੀਤੇ ਦਿਨੀ ਮਸ਼ਹੂਰ ਕਵੀ ਅਤੇ ਸਾਹਿਤਕਾਰ ਸ੍ਰੀ ਆਰਿਫ ਹਲੀਮ ਇਸ ਫ਼ਾਨੀ ਦੁਨੀਆਂ ਤੋਂ ਰੁਖਸਤ ਹੋ ਗਏ ਸਨ, ਉਨ੍ਹਾਂ ਦੀ ਨਿੱਘੀ ਅਤੇ ਮਿੱਠੀ ਯਾਦ ਨੂੰ ਸਮਰਪਿਤ ਸਾਬਕਾ ਸਿੱਖਿਆ ਮੰਤਰੀ ਪੰਜਾਬ ਜਨਾਬ ਚੋਧਰੀ ਅਬਦੁਲ ਗੁਫਾਰ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਇੱਕ ਕੀਤੀ ਗਈ ਇੱਕ ਵਿਸ਼ੇਸ ਬੈਠਕ ਦੌਰਾਨ ਜਨਾਬ ਅਬਦੁਲ ਗੁ਼ਫਾਰ ਨੇ ਆਪਣੇ ਸਾਹਿਪਾਠੀ ਸ੍ਰੀ ਆਰਿਫ ਹਲੀਮ ਦੇ ਨਾਲ ਗੁਜ਼ਾਰੇ ਹੋਏ ਸਮੇਂ ਦਾ ਜ਼ਿਕਰ ਕਰਦਿਆਂ ਸ੍ਰੀ ਆਰਿਫ ਹਲੀਮ ਨੂੰ ਇੱਕ ਚੰਗੇ ਦੋਸਤ ਦੇ ਤੌਰ ਤੇ ਯਾਦ ਕੀਤਾ।ਇਸ ਮੌਕੇ ਦਿਲ ਦੇ ਰੋਗਾਂ ਦੇ ਮਾਹਿਰ ਡਾ.ਨਵੇਦ ਅਸਲਮ ਨੇ ਕਿਹਾ ਕਿ ਸ੍ਰੀ ਆਰਿਫ ਹਲੀਮ ਦਾ ਪਿਆਰ ਭਰਿਆ ਹੱਥ ਹਮੇਸ਼ਾ ਮੇਰੇ ਸਿਰ ਤੇ ਰਿਹਾ। ਸਰਪ੍ਰਸਤ ਅਦਾਰਾ ਅਸਦੁੱਲਾ ਅੰਸਾਰੀ, ਡਾ. ਮੁਹੰਮਦ ਸ਼ਬੀਰ, ਸ੍ਰੀ ਲਤੀਫ ਥਿੰਦ, ਹਾਜੀ ਮੁਹੰਮਦ ਇਕਬਾਲ, ਅਯਾਜ਼ ਐਡਵੋਕੇਟ ਅਤੇ ਸਾਜਿਦ ਇਸਹਾਕ ਨੇ ਸ੍ਰੀ ਆਰਿਫ ਹਲੀਮ ਨੂੰ ਇੱਕ ਚੰਗੇ ਸਾਹਿਤਕਾਰ ਅਤੇ ਸ਼ਾਇਰ ਦੇ ਤੌਰ ਤੇ ਯਾਦ ਕੀਤਾ।

ਅਦਾਰਾ ਅਦਬ ਏ ਇਸਲਾਮੀ ਹਿੰਦ, ਪੰਜਾਬ ਸਰਕਲ ਦੇ ਪ੍ਰਬੰਧ ਅਧੀਨ ਹੋਈ ਇਸ ਬੈਠਕ ਵਿੱਚ ਅਦਾਰੇ ਦੇ ਪ੍ਰਧਾਨ ਸ੍ਰੀ ਰਮਜਾਨ ਸਈਦ ਵੱਲੋਂ ਇੱਕ ਸ਼ੋਕ ਮਤਾ ਪੇਸ਼ ਕੀਤਾ ਗਿਆ ਅਤੇ ਅਦਾਰੇ ਦੇ ਸਰਪ੍ਰਸਤ ਸ੍ਰੀ ਅਬਦੁਲ ਸ਼ਕੂਰ ਨੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸ਼੍ਰੀ ਆਰਿਫ ਹਲੀਮ ਦੇ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ।

ਇਸ ਪ੍ਰੋਗਰਾਮ ਵਿੱਚ ਉਸਤਾਦ ਸ਼ਾਇਰ ਅਨਵਾਰ ਆਜ਼ਰ,ਮਾਸਟਰ ਮੁਹੰਮਦ ਅਸਰਾਰ,ਡਾ.ਰਮਜਾਨ, ਅਖਲਾਕ ਸੁਪਰਡੈਂਟ, ਜਹੂਰ ਅਹਿਮਦ ਜਹੂਰ,ਸ਼ਾਹਿਦ ਹਲੀਮ ,ਅਮਜਦ ਐਡਵੋ. ਮੁਕਰਮ ਸੈਫੀ, ਜਮੀਰ ਅਲੀ ਜਮੀਰ, ਮੌਲਾਨਾ ਖੁਬੈਬ ਨਦਵੀ, ਸ਼ਾਇਰ ਜਫਰ ਅਹਿਮਦ ਜਫਰ ਅਤੇ ਸੁਲੇਮਾਨ ਜੋਸ਼ ਸਮੇਤ ਸ਼ਹਿਰ ਦੀਆਂ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਕਬੱਡੀ ਪ੍ਰਮੋਟਰ ਅਤੇ ਖਿਡਾਰੀ ਰਾਣਾ ਬਲਾਚੌਰੀਆ ਦਾ ਸੇਜਲ ਅੱਖਾਂ ਨਾਲ ਹੋਇਆ ਅੰਤਿਮ ਸੰਸਕਾਰ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਵਿੱਚ ਪੈਂਦੇ ਪਿੰਡ ਚਣਕੋਆ ਦੇ ਵਸਨੀਕ ਕਬੱਡੀ ਪ੍ਰਮੋਟਰ ਅਤੇ ਖਿਡਾਰੀ ਦਿਗਵਿਜੇ ਸਿੰਘ ਉਰਫ ਰਾਣਾ ਬਲਾਚੌਰੀਆ ਦੇ ਕਤਲ ਦੀ ਖਬਰ ਸੁਣਦੇ ਸਾਰ ਹੀ ਇਲਾਕੇ ਅੰਦਰ ਸੋਗ ਦੀ ਲਹਿਰ ਦੌੜ ਗਈ ਸੀ ਜਿਸ ਦਾ ਅੱਜ ਅੰਤਿਮ ਸੰਸਕਾਰ ਪਿੰਡ ਦੇ ਸਮਸ਼ਾਨਘਾਟ ਵਿਖੇ ਬਹੁਤ ਹੀ ਗਮਗੀਨ ਮਾਹੌਲ ਵਿੱਚ ਕਰ ਦਿੱਤਾ ਗਿਆ। ਮਰਹੂਮ ਕਬੱਡੀ ਪ੍ਰਮੋਟਰ ਦਿਗਵਿਜੇ ਸਿੰਘ ਉਰਫ ਰਾਣਾ ਬਲਾਚੌਰੀਆ ਇੱਕ ਨਾਮਵਰ ਕਬੱਡੀ ਖਿਡਾਰੀ ਸੀ ਅਤੇ ਖੇਡ ਕਬੱਡੀ ਨੂੰ ਪ੍ਰਮੋਟ ਕਰਨ ਵਿੱਚ ਸਖਤ ਮਿਹਨਤ ਕਰਦਾ ਆ ਰਿਹਾ ਸੀ ਜਿਸ ਦੀ ਬੀਤੀ ਸ਼ਾਮ ਨੂੰ ਜ਼ਿਲਾ ਮੋਹਾਲੀ ਦੇ ਪਿੰਡ ਸੋਹਾਣਾ ਵਿਖੇ ਚੱਲ ਰਹੇ ਕਬੱਡੀ ਦੇ ਮੈਚ ਦੌਰਾਨ ਹਮਲਾਵਰਾਂ ਵਲੋਂ ਬੜੀ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਜਿਵੇਂ ਹੀ ਰਾਣਾ ਬਲਾਚੌਰੀਆ ਦੀ ਮ੍ਰਿਤਕ ਦੇਹ ਅੱਜ ਐਂਬੂਲੈਂਸ ਰਾਹੀਂ ਮੋਹਾਲੀ ਤੋਂ ਪਿੰਡ ਚਣਕੋਆ ਪੁੱਜੀ ਤਾਂ ਮ੍ਰਿਤਕ ਦੀ ਪਤਨੀ, ਮਾਤਾ ਪਿਤਾ ਅਤੇ ਪਰਿਵਾਰਕ ਮੈਬਰਾਂ ਦੇ ਵਿਰਲਾਪ ਨੇ ਹਰ ਇੱਕ ਦੀ ਅੱਖ ਨੂੰ ਨਮ ਕਰ ਦਿੱਤਾ। ਉਸ ਵੇਲੇ ਮਾਹੌਲ ਹੋਰ ਵੀ ਗਮਗੀਨ ਹੋ ਗਿਆ ਜਦੋਂ ਮ੍ਰਿਤਕ ਦੇ ਰਿਸ਼ਤੇਦਾਰ ਅਤੇ ਮਿੱਤਰ ਪ੍ਰੇਮੀ ਵੀ ਧਾਹਾਂ ਮਾਰ ਕੇ ਰੋਣ ਲੱਗੇ ਹੋਏ ਸਨ । ਯਾਦ ਰਹੇ ਕਿ ਮਰਹੂਮ ਰਾਣਾ ਬਲਾਚੌਰੀਆ ਨੇ 12 ਕੁ ਦਿਨ ਪਹਿਲਾਂ ਹੀ



ਅਨਮੋਲ ਪੁੱਤਰੀ ਠਾਕੁਰ ਸਤਿੰਦਰਾ ਸਿੰਘ ਵਾਸੀ ਦੇਹਰਾਦੂਨ (ਉੱਤਰਖੰਡ ) ਨਾਲ ਵਿਆਹ ਦੇ ਬੰਧਨ ਵਿੱਚ ਬੱਝ ਕੇ ਆਪਣੀ ਵਿਆਹੁਤਾ ਜਿੰਦਗੀ ਦੀ ਸ਼ੁਰੂਆਤ ਕੀਤੀ ਸੀ ਮਗਰ ਹੋਣੀ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ ਅਤੇ ਉਸ ਦੀ ਪਤਨੀ ਦੇ ਹੱਥਾਂ ਦੀ ਮਹਿੰਦੀ ਤੇ ਲਾਲ ਚੂੜੇ ਦਾ ਰੰਗ ਹਾਲੇ ਫਿੱਕਾ ਵੀ ਨਹੀਂ ਪਿਆ ਸੀ ਕਿ ਉਸ ਦੇ ਸਿਰ ਦਾ ਸਾਈਂ ਅਤੇ ਪਰਿਵਾਰਿਕ ਮੈਂਬਰਾਂ ਦੀ ਜਿੰਦਗੀ ਦਾ ਸਹਾਰਾ ਉਨ੍ਹਾਂ ਨੂੰ ਰੋਂਦੇ ਵਿਲਕਦਿਆਂ ਸਦਾ ਲਈ ਛੱਡ ਇਸ ਜਹਾਨ ਅੰਦਰੋ ਤੁਰ ਗਿਆ। ਉਨ੍ਹਾਂ ਦੀ ਅੰਤਿਮ ਸਸਕਾਰ ਯਾਤਰਾ ਵਿੱਚ ਵੱਡੀ ਗਿਣਤੀ ਰਿਸ਼ਤੇਦਾਰ, ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਪੰਚਾਂ, ਨਗਰ ਨਿਵਾਸੀ, ਇਲਾਕਾ ਨਿਵਾਸੀ, ਵੱਖ ਵੱਖ ਅਕੈਡਮੀਆਂ ਦੇ ਕਬੱਡੀ ਖਿਡਾਰੀਆਂ, ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਮਿੱਤਰਾਂ -ਸੱਜਣਾਂ ਵਲੋਂ ਸ਼ਾਮਿਲ ਹੋ ਕੇ ਉਹਨਾਂ ਨੂੰ ਸ਼ੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ ਗਈ। ਰਾਣਾ ਬਲਾਚੌਰੀਆ ਦੀ ਚਿਖਾ ਨੂੰ ਅਗਨੀ ਪਰਿਵਾਰਕ ਮੈਬਰਾਂ ਵਲੋਂ ਵਿਖਾਈ ਗਈ। ਇਸ ਮੌਕੇ ਕਾਂਗਰਸ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਭਾਜਪਾ ਦੇ ਜ਼ਿਲਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ, ਆਪ ਆਗੂ ਅਸ਼ੋਕ ਕਟਾਰੀਆ ਸਮੇਤ ਹੋਰ ਵੀ ਪ੍ਰਮੁੱਖ ਸ਼ਖਸੀਤਾਂ ਹਾਜ਼ਰ ਸਨ ਜਿਨਾਂ ਵੱਲੋਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਲੈਂਡ ਪੂਲਿੰਗ ਫੇਲ੍ਹ ਹੋਣ ਤੋਂ ਬਾਅਦ ਸਰਕਾਰ ਹੁਣ ਸਮਾਜ ਸੇਵੀ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਰਹੀ ਹੈ - ਚੰਦੀ

**ਸ਼ਾਹਕੋਟ (ਹਰਜਿੰਦਰ ਸਿੰਘ ਚੰਦੀ)—** ਭਾਜਪਾ ਦੇ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਹਲਕਾ ਇੰਚਾਰਜ ਸਰਦਾਰ ਨਰਿੰਦਰ ਪਾਲ ਸਿੰਘ ਚੰਦੀ ਨੇ ਪੰਜਾਬ ਸਰਕਾਰ ਦੀਆਂ ਨਵੀਆਂ ਨੀਤੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਜਦੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪੋਲਿਸੀ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਗਈ ਹੈ, ਤਾਂ ਹੁਣ ਸਰਕਾਰ ਦੀ ਨਜ਼ਰ ਸਮਾਜ ਸੇਵੀ ਸੰਸਥਾਵਾਂ ਦੀਆਂ ਜਮੀਨਾਂ 'ਤੇ ਆ ਟਿਕੀ ਹੈ। ਚੰਦੀ ਨੇ ਕਿਹਾ ਕਿ ਪੰਜਾਬ ਸਰਕਾਰ ਖੁਦ ਲੋਕਾਂ ਦੀ ਭਲਾਈ ਲਈ ਅਜੇ ਤੱਕ ਕੋਈ ਢੰਗ ਦਾ ਕੰਮ ਨਹੀਂ ਕਰ ਸਕੀ, ਪਰ ਜਿਹੜੀਆਂ ਸਮਾਜ ਸੇਵੀ ਸੰਸਥਾਵਾਂ ਆਪਣੇ ਸੀਮਿਤ ਸਰੋਤਾਂ ਨਾਲ ਲੋਕਾਂ ਦੀ ਸੇਵਾ ਕਰ ਰਹੀਆਂ ਹਨ, ਉਹਨਾਂ ਦੇ ਰਾਹ ਵਿੱਚ ਜਾਣ-ਬੁੱਝ ਕੇ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ। ਇਸ ਦਾ ਮਕਸਦ ਸਾਫ਼ ਹੈ ਕਿ ਇਹਨਾਂ ਸੰਸਥਾਵਾਂ ਨੂੰ ਕੰਮ ਕਰਨ ਤੋਂ ਰੋਕਿਆ ਜਾਵੇ। ਉਹਨਾਂ ਕਿਹਾ ਕਿ ਸੁਸਾਇਟੀ ਰਜਿਸਟਰੇਸ਼ਨ ਐਕਟ ਵਿੱਚ ਸੁਧਾਰ ਦੇ ਨਾਂ 'ਤੇ ਜਿਹੜੀ ਪੋਲਿਸੀ ਲਿਆਉਣ ਦੀ



ਤਿਆਰੀ ਕੀਤੀ ਜਾ ਰਹੀ ਹੈ, ਉਸ ਨਾਲ ਸਮਾਜ ਸੇਵੀ ਸੰਸਥਾਵਾਂ ਬਰਬਾਦੀ ਦੇ ਕੰਢੇ 'ਤੇ ਪਹੁੰਚ ਸਕਦੀਆਂ ਹਨ। ਇਸ ਨੀਤੀ ਨਾਲ ਦਾਨੀ ਸੱਜਣਾਂ ਦੇ ਮਨਾਂ ਵਿੱਚ ਵੀ ਸੰਦੇਹ ਪੈਦਾ ਹੋਵੇਗਾ ਕਿ ਉਹਨਾਂ ਵੱਲੋਂ ਦਿੱਤਾ ਗਿਆ ਦਾਨ ਸਹੀ ਥਾਂ ਵਰਤਿਆ ਜਾ ਰਿਹਾ ਹੈ ਜਾਂ ਨਹੀਂ।ਚੰਦੀ ਨੇ ਦੋਸ਼ ਲਗਾਇਆ ਕਿ ਸਰਕਾਰ ਦੀ ਇਸ ਪਾਲਿਸੀ ਨਾਲ ਸਮਾਜ ਸੇਵੀ ਸੰਸਥਾਵਾਂ ਸਿੱਧੇ ਤੌਰ 'ਤੇ ਸਰਕਾਰ ਦੇ ਕਬਜ਼ੇ ਹੇਠ ਆ ਜਾਣਗੀਆਂ, ਜਿਸ ਨਾਲ ਫੰਡਾਂ ਦੇ ਗਲਤ ਇਸਤੇਮਾਲ ਦਾ ਖ਼ਤਰਾ ਵਧੇਗਾ ਅਤੇ ਇਹ ਪੈਸਾ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਢੱਕਣ ਲਈ ਵਰਤੇਗੀ।ਉਹਨਾਂ ਸਪਸ਼ਟ ਕੀਤਾ ਕਿ ਮੈਂ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹਾਂ। ਅਤੇ ਕਿਸੇ ਵੀ ਸਰਕਾਰ ਨੂੰ ਅਜਿਹਾ ਕੋਈ ਕਦਮ ਨਹੀਂ ਚੁੱਕਣ ਦਿੱਤਾ ਜਾਵੇਗਾ, ਜਿਸ ਨਾਲ ਇਹਨਾਂ ਸੰਸਥਾਵਾਂ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗੇ। ਅੰਤ ਵਿੱਚ ਚੰਦੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਇਹ ਤਾਨਾਸ਼ਾਹੀ ਨੀਤੀਆਂ ਕਾਰਨ ਸਰਕਾਰ ਦਾ ਅਕਸ ਲੋਕਾਂ ਵਿੱਚ ਤੇਜ਼ੀ ਨਾਲ ਖਰਾਬ ਹੋ ਰਿਹਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਇਸ ਸਰਕਾਰ ਦੀ ਰਾਜਨੀਤਿਕ ਬਰਬਾਦੀ ਦਾ ਕਾਰਨ ਬਣੇਗਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਨਸ਼ਿਆਂ ਵਿਰੁੱਧ ਜੰਗ: ਪੋਜੇਵਾਲ ਪੁਲਿਸ ਨੇ 4.70 ਗ੍ਰਾਮ ਹੈਰੋਇਨ ਸਮੇਤ ਦੋ ਨੌਜਵਾਨ ਕੀਤੇ ਕਾਬੂ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਥਾਣਾ ਪੋਜੇਵਾਲ ਦੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ।
ਇਹ ਕਾਰਵਾਈ ਮਾਣਯੋਗ ਐਸ.ਐਸ.ਪੀ. ਸ਼੍ਰੀ ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ.ਐਸ.ਪੀ. ਸ਼੍ਰੀ ਹਿੰਮਤ ਮਲਹੋਤਰਾ ਸਬ ਡਵੀਜ਼ਨ ਬਲਾਚੌਰ ਦੀ ਯੋਗ ਅਗਵਾਈ ਹੇਠ ਅਮਲ ਵਿੱਚ ਲਿਆਂਦੀ ਗਈ। ਜਾਣਕਾਰੀ ਦਿੰਦਿਆਂ ਥਾਣਾ ਪੋਜੇਵਾਲ ਦੇ ਮੁੱਖ ਅਫਸਰ ਸਬ ਇੰਸਪੈਕਟਰ ਸਤਨਾਮ ਸਿੰਘ ਨੇ ਦੱਸਿਆ ਕਿ ਐਚ.ਸੀ. ਜਗਦੀਪ ਕਟਾਰੀਆ (ਚੌਕੀ ਸੜੋਆ) ਸਮੇਤ ਪੁਲਿਸ ਪਾਰਟੀ ਇਲਾਕੇ ਵਿੱਚ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਲਈ ਗਸ਼ਤ ਕਰ ਰਹੀ



ਸੀ।ਰਾਜਵਿੰਦਰ ਸਿੰਘ ਪੁੱਤਰ ਮੋਹਣ ਸਿੰਘ, ਵਾਸੀ ਬਾਰਾਪੁਰ (ਥਾਣਾ ਗੜ੍ਹਸ਼ੰਕਰ,ਜ਼ਿਲ੍ਹਾ ਹੁਸ਼ਿਆਰਪੁਰ)।ਸੁਰਿੰਦਰ ਕੁਮਾਰ ਪੁੱਤਰ ਤਰਸੇਮ ਸਿੰਘ, ਵਾਸੀ ਬਖਲੌਰ (ਥਾਣਾ ਮੁਕੰਦਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)।ਗਸ਼ਤ ਦੌਰਾਨ ਪੁਲਿਸ ਪਾਰਟੀ ਨੇ ਉਕਤ ਦੋਵਾਂ ਨੂੰ ਕਾਬੂ ਕਰਕੇ ਜਦੋਂ ਤਲਾਸ਼ੀ ਲਈ ਤਾਂ ਉਨ੍ਹਾਂ ਪਾਸੋਂ 04.70 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀਆਂ ਖਿਲਾਫ ਥਾਣਾ ਪੋਜੇਵਾਲ ਵਿਖੇ ਮੁਕੱਦਮਾ ਨੰਬਰ 140, ਮਿਤੀ 15.12.2025 ਨੂੰ NDPS Act ਦੀਆਂ ਧਾਰਾਵਾਂ 21/29-61-1985 ਤਹਿਤ ਕੇਸ ਦਰਜ ਕਰ ਲਿਆ ਹੈ।
ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਤਫਤੀਸ਼ ਤੋਂ ਬਾਅਦ ਅੱਜ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਇਹ ਸਖਤ ਮੁਹਿੰਮ ਲਗਾਤਾਰ ਜਾਰੀ ਰਹੇਗੀ। ਥਾਣਾ ਪੋਜੇਵਾਲ ਦੇ ਮੁੱਖ ਅਫਸਰ ਸਬ ਇੰਸਪੈਕਟਰ ਸਤਨਾਮ ਸਿੰਘ ਨੇ ਨਸ਼ਾ ਤਸਕਰਾਂ ਨੂੰ ਕੜਾ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਇਲਾਕੇ ਵਿੱਚ ਨਸ਼ਾ ਵੇਚਣ ਵਾਲੇ ਕਿਸੇ ਵੀ ਮਾੜੇ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਦੋ ਨਸ਼ਾ ਤਸਕਰਾਂ ਨੂੰ ਹੈਰੋਇਨ ਸਮੇਤ ਕਾਬੂ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਪੁਲਿਸ ਹੁਣ 'ਜ਼ੀਰੋ ਟੋਲਰੈਂਸ' ਦੀ ਨੀਤੀ 'ਤੇ ਕੰਮ ਕਰ ਰਹੀ ਹੈ।

# ਸਤਪਾਲ ਭਗਤ, ਆਸ਼ੂ ਮਹਿਰਾ, ਅਤੇ ਸੁਨੀਲ ਕੁਮਾਰ ਜਾਫ਼ਰ ਨੇ ਰੱਖ ਬਾਗ ਵਿਖੇ ਪਹਿਲਾ ਬੈਡਮਿੰਟਨ ਟੂਰਨਾਮੈਂਟ ਕਰਵਾਇਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਵਿੱਚ 'ਆਪ' ਸਰਕਾਰ ਨੇ ਨਸ਼ਿਆਂ ਵਿਰੁੱਧ ਇੱਕ ਵੱਡੀ ਜੰਗ ਛੇੜੀ ਹੈ, ਉੱਥੇ ਕੁਝ ਪ੍ਰਮੁੱਖ ਵਿਅਕਤੀ ਵੀ ਨਸ਼ਿਆਂ ਦੀ ਦੁਰਵਰਤੋਂ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹਨ। ਇਸ ਉਦਾਹਰਣ ਦੀ ਪਾਲਣਾ ਕਰਦੇ ਹੋਏ, ਸਮਾਜ ਸੇਵਕ ਸਤਪਾਲ ਭਗਤ, ਆਸ਼ੂ ਮਹਿਰਾ ਅਤੇ ਸੁਨੀਲ ਕੁਮਾਰ ਜਾਫ਼ਰ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਰੱਖ ਬਾਗ ਵਿਖੇ ਪਹਿਲਾ ਬੈਡਮਿੰਟਨ ਟੂਰਨਾਮੈਂਟ ਕਰਵਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਰ ਕਿਸੇ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਹਿੱਸਾ ਲੈਣਾ ਚਾਹੀਦਾ ਹੈ, ਜੋ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਉਤਸ਼ਾਹਿਤ ਕਰੇ ਅਤੇ ਉਨ੍ਹਾਂ ਨੂੰ ਬੁਰਾਈਆਂ ਤੋਂ ਦੂਰ ਰੱਖੇ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਰੱਖ ਬਾਗ ਵਿਖੇ ਬੈਡਮਿੰਟਨ ਦਾ ਅਭਿਆਸ ਕਰ ਰਹੇ ਹਨ। ਟੂਰਨਾਮੈਂਟ ਵਿੱਚ ਕਪਿਲ ਜੈਨ, ਸਤਪਾਲ ਭਗਤ, ਭੂਸ਼ਣ ਅਰੋੜਾ, ਹਰਸਿਮਰਨ ਸਿੰਘ, ਸੁਨੀਲ ਮੱਗੂ, ਸੁਨੀਲ ਮਹਾਜਨ, ਹਰੀਓਮ ਹੈਰੀ, ਨਿਤਿਨ ਗੁਪਤਾ, ਅਮਿਤ, ਸੋਨੂੰ, ਸੈਮ ਬੱਗਾ, ਭੰਡਾਰੀ, ਗਣੇਸ਼ ਅਤੇ ਅਮਿਤ ਸ਼ਾਮਲ ਸਨ। ਸੱਤ ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਨਿਤਿਨ ਗੁਪਤਾ, ਅਮਿਤ ਗੁਪਤਾ, ਜੀਤੂ, ਗੁਰਸਿਮਰਨ ਸਿੰਘ, ਆਸ਼ੂ ਮਹਿਰਾ, ਪ੍ਰਭਾਕਰ, ਪਮਾ ਸ਼ਾਮਲ ਸਨ। ਟੂਰਨਾਮੈਂਟ ਦੇ ਅੰਤ ਵਿੱਚ ਹਰਸਿਮਰਨ ਸਿੰਘ ਕੈਪਟਨ, ਸੁਨੀਲ ਗੁਪਤਾ, ਸੁਨੀਲ ਮੱਗੂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਇਸ ਮੌਕੇ 'ਤੇ, ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ ਟਰਾਫੀ ਅਤੇ 3100 ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਅਤੇ ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 1100 ਰੁਪਏ ਦਾ ਇਨਾਮ ਅਤੇ ਤੋਹਫ਼ੇ ਵੀ ਦਿੱਤੇ ਗਏ।

# ਵਿੱਦਿਅਕ ਸੈਮੀਨਾਰ 18 ਦਸੰਬਰ ਨੂੰ

**ਧੂਰੀ (ਰਮੇਸ਼ਵਰ ਸਿੰਘ)** ਕੌਂਸਲ ਆਫ਼ ਹੈਰੀਟੇਜ ਤੇ ਇੰਟਰਨੈਸ਼ਨਲ ਪੀਸ ਕਨੇਡਾ ਵੱਲੋਂ " ਵਿਸ਼ਵ ਸ਼ਾਂਤੀ ਵਿੱਚ ਸਿੱਖਿਆ ਦੀ ਭੂਮਿਕਾ " ਵਿਸ਼ੇ 'ਤੇ ਇੱਕ ਵਿਸ਼ਾਲ ਵਿੱਦਿਅਕ ਸੈਮੀਨਾਰ 18 ਦਸੰਬਰ ( ਵੀਰਵਾਰ ) ਨੂੰ ਮਾਡਰਨ ਸੈਕੂਲਰ ਪਬਲਿਕ ਸਕੂਲ , ਦੌਲਤ ਪੁਰ ਰੋਡ ਧੂਰੀ ਵਿਖੇ ਬਾਅਦ ਦੁਪਹਿਰ 12 - 30 ਵਜੇ ਕਰਵਾਇਆ ਜਾ ਰਿਹਾ ਹੈ । ਕੌਂਸਲ ਦੇ ਚੇਅਰਮੈਨ ਸ਼੍ਰੀ ਰੋਸ਼ਨ ਪਾਠਕ ਜੀ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ । ਜਿਸ ਵਿੱਚ ਉਕਤ ਵਿਸ਼ੇ ਬਾਰੇ ਹਾਜ਼ਰ ਵਿਦਵਾਨ ਆਪੋ ਆਪਣੇ ਵਿਚਾਰ ਸਾਂਝੇ ਕਰਨਗੇ ਅਤੇ 12 ਮੌਜੂਦਾ ਤੇ ਸੇਵਾ ਮੁਕਤ ਅਧਿਆਪਕਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ । ਸਨਮਾਨਿਤ ਸ਼ਖ਼ਸੀਅਤਾਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਜਗਜੀਤ ਸਿੰਘ ਧੂਰੀ , ਡਾ. ਕਮਲਜੀਤ ਸਿੰਘ ਟਿੱਬਾ , ਡਾ. ਮੋਨਿਕਾ




ਮਲਹੋਤਰਾ , ਡਾ. ਅਮਨਦੀਪ ਕੌਰ , ਸ. ਗੁਰਮੀਤ ਸਿੰਘ ਢੀਂਗਰਾ , ਸ. ਗੁਰਮੇਲ ਸਿੰਘ ਗਰੇਵਾਲ , ਪ੍ਰੋ. ਇੰਦਰਜੀਤ ਕੌਰ , ਸ. ਕਰਮਜੀਤ ਸਿੰਘ ਗਰੇਵਾਲ , ਸ਼੍ਰੀ ਮੂਲ ਚੰਦ ਸ਼ਰਮਾ , ਡਾ. ਬਲਵੀਰ ਸਿੰਘ , ਸ. ਰਾਜ ਸਿੰਘ , ਅਤੇ ਮਿਸ ਅਨੂਪਮਾ ਦੇ ਨਾਂ ਸ਼ਾਮਲ ਹਨ ।ਪ੍ਰੈੱਸ ਨਾਲ਼ ਇਹ ਜਾਣਕਾਰੀ ਸਾਂਝੀ ਕਰਦਿਆਂ ਗੁਰਮੇਲ ਸਿੰਘ ਗਰੇਵਾਲ ਅਤੇ ਡਾ. ਕਮਲਜੀਤ ਸਿੰਘ ਟਿੱਬਾ ਨੇ ਦੱਸਿਆ ਕਿ ਇਸ ਮੌਕੇ ਲੋਕ ਗਾਇਕ ਗੁਰਦਿਆਲ ਨਿਰਮਾਣ ਧੂਰੀ ਵੀ ਆਪਣਾ ਸੱਭਿਆਚਾਰਕ ਰੰਗ ਪੇਸ਼ ਕਰਨਗੇ ।

# ਬਲਾਕ ਮੁਕਤਸਰ-1 ਵੱਲੋਂ ਬਲਾਕ ਪੱਧਰੀ ਮੈਥ ਮੇਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ ) ਮੁਕਤਸਰ ਵਿਖੇ ਕਰਵਾਇਆ ਗਿਆ





**ਸ੍ਰੀ ਮੁਕਤਸਰ ਸਾਹਿਬ (ਪੱਤਰ ਪ੍ਰੇਰਕ)** ਵਿਭਾਗੀ ਹਦਾਇਤਾਂ ਅਤੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੌਂਗਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਨੋਡਲ ਅਫਸਰ ਸ੍ਰੀ ਸੁਖਵਿੰਦਰ ਪਾਲ ਸਿੰਘ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਾਂਬੱਧਰ ਦੀ ਯੋਗ ਅਗਵਾਈ ਵਿੱਚ ਅੱਜ ਬਲਾਕ ਪੱਧਰੀ ਮੈਥ ਮੇਲਾ (ਹਾਈ ਵਿਭਾਗ) ਬਲਾਕ ਮੁਕਤਸਰ-1 ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਮੁਕਤਸਰ ਵਿਖੇ ਕਰਵਾਇਆ ਗਿਆ ਜਿਸ ਵਿੱਚ ਜ਼ਿਲ੍ਹੇ ਦੇ ਉੱਪ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਰਜਿੰਦਰ ਸੋਨੀ ਜੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਇਹਨਾਂ ਮੇਲਿਆਂ ਦਾ ਮਹੱਤਵ ਦੱਸਦੇ ਹੋਏ ਵੱਧ ਚੜ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਨੋਡਲ ਅਫਸਰ ਸ੍ਰੀ ਪ੍ਰੀਤਮ ਸਿੰਘ ਹੈਡ ਮਾਸਟਰ ਸ਼ਹੀਦ ਪ੍ਰਭਜੋਤ ਸਿੰਘ ਸਰਕਾਰੀ ਹਾਈ ਸਕੂਲ ਬੂੜਾ ਗੁੱਜਰ ਅਤੇ ਕਨਵੀਨਰ ਸ੍ਰੀ ਯਾਦਵਿੰਦਰ ਸਿੰਘ ਹੈਡਮਾਸਟਰ ਸਰਕਾਰੀ ਹਾਈ ਸਕੂਲ ਡੋਡਾਂਵਾਲੀ ਸਨ। ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਦੇ ਵਿੱਚ ਬਤੌਰ ਜਜਮੈਂਟ ਮੈਂਬਰ ਸ਼੍ਰੀ ਮਨਵੀਰ ਭੁੱਲਰ ਲੈਕਚਰਾਰ ਮੈਥ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੁਪਾਣਾ, ਸ਼੍ਰੀਮਤੀ ਪਰਮਜੀਤ ਕੌਰ ਲੈਕਚਰਾਰ ਮੈਥ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝਬੇਲਵਾਲੀ, ਸ਼੍ਰੀ ਸੁਮਿਤ ਕੁਮਾਰ ਮੈਥ ਮਾਸਟਰ ਸਰਕਾਰੀ ਹਾਈ ਸਕੂਲ ਜਵਾਰੇਵਾਲਾ ਅਤੇ ਕੁਲਜਿੰਦਰ ਸਿੰਘ ਮੈਥ ਮਾਸਟਰ ਸਰਕਾਰੀ ਹਾਈ ਸਕੂਲ ਸਕਾਂ ਵਾਲੀ ਸ਼ਾਮਿਲ ਹੋਏ। ਇਹਨਾਂ ਤੋਂ ਇਲ-ਾਵਾ ਸ਼੍ਰੀਮਤੀ ਰਿਤਿਮਾ ਬਿਰਲਾ ਮੈਥ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਮੁਕਤਸਰ, ਸ਼੍ਰੀਮਤੀ ਕਮਲਜੀਤ ਕੌਰ ਸਾਇੰਸ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਲ, ਮਨਪ੍ਰੀਤ ਸਿੰਘ ਬੀਆਰਸੀ ਬਲਾਕ ਮੁਕਤਸਰ-1, ਵਰਿੰਦਰਜੀਤ ਸਿੰਘ ਬੀਆਰਸੀ ਬਲਾਕ ਮੁਕਤਸਰ-1 ਵੱਲੋਂ ਪ੍ਰਬੰਧਕ ਦੀ ਡਿਊਟੀ ਨਿਭਾਈ ਗਈ। ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਸਕੂਲਾਂ ਦੇ 25 ਦੇ ਲਗਭਗ ਵਿਦਿਆਰਥੀਆਂ ਨੇ ਵੱਖੋ ਵੱਖਰੇ ਥੀਮਾਂ ਵਿੱਚ ਭਾਗ ਲਿਆ। ਜੇਤੂ ਵਿਦਿਆਰਥੀਆਂ ਨੂੰ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਰਜਿੰਦਰ ਸੋਨੀ ਜੀ ਵੱਲੋਂ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਲਈ ਰਸ਼ਪਾਲ ਸਿੰਘ ਰਾਜੂ ਇੰਗਲੈਂਡ ਵਲੋਂ 11ਹਜ਼ਾਰ ਰੁਪਏ ਸੇਵਾ ਕੀਤੀ

**ਹੁਸ਼ਿਆਰਪੁਰ / ਸ੍ਰੀ ਖੁਰਾਲਗੜ ਸਾਹਿਬ (ਤਰਸੇਮ ਦੀਵਾਨਾ )** – ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਲਈ ਰਸ਼ਪਾਲ ਸਿੰਘ ਰਾਜੂ ਕਵੈਂਟਰੀ ਇੰਗਲੈਂਡ ਨਿਵਾਸੀ ਪਰਿਵਾਰ ਵਲੋਂ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 11 ਹਜਾਰ ਰੁਪਏ ਦੀ ਸੇਵਾ ਦਾ ਯੋਗਦਾਨ ਪਾਇਆ ਗਿਆ। ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਜੀ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਵਲੋਂ ਚਰਨਛੋਹ



ਸੱਚਖੰਡ ਬੇਗਮਪੁਰਾ ਗੁਰੂਘਰ ਦੇ ਲੰਗਰਾਂ ਲਈ ਪਾਏ ਯੋਗਦਾਨ ਲਈ ਰਸ਼ਪਾਲ ਸਿੰਘ ਰਾਜੂ ਅਤੇ ਇੰਗਲੈਂਡ ਦੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵਲੋਂ ਬਹੁਤ ਵੱਡੀ ਸੇਵਾ ਆਰੰਭ ਕੀਤੀ ਗਈ ਹੈ ਅਤੇ ਸਤਿਸੰਗ ਸਮਾਗਮ ਆਰੰਭ ਕੀਤੇ ਗਏ ਹਨ ਅਤੇ ਸ੍ਰੀ ਚਰਨਛੋਹ ਬੇਗਮਪੁਰਾ ਆਦਿ ਧਰਮ ਮਿਸ਼ਨ ਦੇ ਪ੍ਰਚਾਰ ਦਾ ਇੱਕ ਵੱਡਾ ਪਲੇਟਫਾਰਮ ਅਤੇ ਕੇਂਦਰ ਬਣ ਗਿਆ ਹੈ। ਓਨਾਂ ਕਿਹਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਮਨਾਂ ਅੰਦਰ ਭਾਰੀ ਸ਼ਰਧਾ ਹੈ ਅਤੇ ਸਹਿਯੋਗ ਤੇ ਸਮਰਥਨ ਪ੍ਰਾਪਤ ਹੋ ਰਿਹਾ ਹੈ, ਜਿਸ ਲਈ ਆਦਿ ਧਰਮ ਮਿਸ਼ਨ ਹਮੇਸ਼ਾ ਸੰਗਤਾਂ ਦਾ ਰਿਣੀ ਤੇ ਧੰਨਵਾਦੀ ਰਹੇਗਾ ।

**ਫੋਟੋ ਅਜਮੇਰ ਦੀਵਾਨਾ**

# ਹਜਾਰਾਂ ਨਮ ਅੱਖਾਂ ਨੇ ਭਗਵਾਨ ਸਿੰਘ ਚੌਹਾਨ ਨੂੰ ਦਿੱਤੀ ਭਾਵ ਭਿੰਨੀ ਅੰਤਿਮ ਵਿਦਾਇਗੀ

## ਕਰੀਮਪੁਰੀ ,ਅਰੋੜਾ,ਵਿਸ਼ਵਾਨਾਥ ਬੰਟੀ,ਅਮਰਪਾਲ ਕਾਕਾ ਤੇ ਕਈ ਵੱਡੇ ਆਗੂ ਹੋਏ ਸਸਕਾਰ ਸਮੇਂ ਸ਼ਾਮਲ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਬਹੁਜਨ ਸਮਾਜ ਪਾਰਟੀ ਦੇ ਆਗੂ ਭਗਵਾਨ ਸਿੰਘ ਚੌਹਾਨ ਜਿਨਾਂ ਦੀ ਪਿਛਲੇ ਦਿਨੀਂ ਸੰਖੇਪ ਬਿਮਾਰੀ ਪਿੱਛੋਂ ਮੌਤ ਹੋ ਗਈ ਸੀ, ਓਨਾਂ ਦਾ ਅੰਤਿਮ ਸਸਕਾਰ ਬੀਤੇ ਦਿਨੀਂ ਮੇਨ ਸ਼ਮਸ਼ਾਨਘਾਟ ਹਰਿਆਣਾ ਰੋਡ ਨਜ਼ਦੀਕ ਭੰਗੀ ਪੁਲ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਇਸ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ,ਸੱਜਣਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਹਜਾਰਾਂ ਨਮ ਅੱਖਾਂ ਵਲੋਂ ਭਗਵਾਨ ਸਿੰਘ ਚੌਹਾਨ ਨੂੰ ਭਾਵ ਭਿੰਨੀ ਅੰਤਿਮ ਵਿਦਾਇਗੀ ਦਿੱਤੀ। ਸ੍ਰੀ ਚੌਹਾਨ ਦੀ ਅੰਤਿਮ ਯਾਤਰਾ ਸਮੇਂ ਉਨਾਂ ਦੀ ਮਿਰਤਕ ਦੇਹ ਨੂੰ ਫੁੱਲਾਂ ਨਾਲ ਸਜਾਇਆ ਗਿਆ ਅਤੇ ਉਨਾਂ ਦੇ ਗ੍ਰਹਿ ਨਿਵਾਸ ਟੈਗੋਰ ਨਗਰ ਨਜ਼ਦੀਕ ਗੁਰੂ ਰਾਮ ਦਾਸ ਨਰਸਿੰਗ ਕਾਲਿਜ ਪੁਰਾਣਾ ਡਗਾਣਾ ਰੋਡ ਤੋਂ ਅੰਤਿਮ ਯਾਤਰਾ ਆਰੰਭ ਹੋਈ। ਚੌਹਾਨ ਦੀ ਅਰਥੀ ਨੂੰ ਉਨਾਂ ਦੇ ਵੱਡੇ ਭਰਾ



ਇੰਸਪੈਕਟਰ ਦਵਿੰਦਰ ਸਿੰਘ, ਪੁੱਤਰ ਸੋਨੂੰ ਚੌਹਾਨ ਅਤੇ ਅਵਤਾਰ ਸਿੰਘ ਕਰੀਮਪੁਰੀ ਤੇ ਸਾਥੀਆਂ ਨੇ ਮੋਢਾ ਦਿੱਤਾ। ਚੌਹਾਨ ਦੀ ਮਿਰਤਕ ਦੇਹ ਨੂੰ ਉਨਾਂ ਦੇ ਸਪੁੱਤਰ ਸੋਨੂੰ ਚੌਹਾਨ ਵਲੋਂ ਅਗਨ ਭੇਟ ਕੀਤਾ ਗਿਆ। ਇਸ ਮੌਕੇ ਅੰਤਿਮ ਸਸਕਾਰ ਸਮੇਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ,, ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਅਮਰਪਾਲ ਕਾਕਾ, ਵਿਸ਼ਵਾਨਾਥ ਬੰਟੀ,, ਐਡਵੋਕੇਟ ਰੋਹਿਤ ਜੋਸ਼ੀ, ਸ਼ਾਮ ਕੁਮਾਰ ਗੋਨੀ ਸੈਣੀ, ਮਦਨ ਸਿੰਘ ਬੈਂਸ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਸੰਤੋਸ਼ ਕਟਾਰੀਆ ਨੇ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਸਹਿਯੋਗ ਦੇਣ ਲਈ ਵੋਟਰਾਂ ਦਾ ਕੀਤਾ ਧੰਨਵਾਦ

**ਬਲਾਚੌਰ, ( ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਵਿਧਾਇਕਾ ਸ੍ਰੀ ਸੰਤੋਸ਼ ਕਟਾਰੀਆ ਨੇ ਹਾਲ ਹੀ ਵਿੱਚ ਹੋਈਆਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਆਪਣੀ ਪਾਰਟੀ ਨੂੰ ਵੱਡਾ ਸਮਰਥਨ ਦੇਣ ਲਈ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਵਿਧਾਇਕ ਕਟਾਰੀਆ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਲੋਕਾਂ ਵੱਲੋਂ ਮਿਲੇ ਭਰਵੇਂ ਸਹਿਯੋਗ ਅਤੇ ਪਿਆਰ ਨੇ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਜਿਸ ਤਰ੍ਹਾਂ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰਾਂ 'ਤੇ ਵਿਸ਼ਵਾਸ ਪ੍ਰਗਟਾਇਆ ਹੈ, ਉਹ ਇਸ ਗੱਲ ਦਾ ਪ੍ਰਮਾਣ ਹੈ ਕਿ ਲੋਕ ਵਿਕਾਸ-ਮੁਖੀ ਨੀਤੀਆਂ ਅਤੇ ਇਮਾਨਦਾਰ



ਰਾਜਨੀਤੀ ਨੂੰ ਪਸੰਦ ਕਰਦੇ ਹਨ। ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਵਾਅਦਾ ਕੀਤਾ ਕਿ ਉਹ ਹਲਕੇ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਜਾਰੀ ਰੱਖਣਗੇ ਅਤੇ ਵੋਟਰਾਂ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਸ ਨੂੰ ਕਦੇ ਟੁੱਟਣ ਨਹੀਂ ਦੇਣਗੇ। ਇਸ ਮੌਕੇ ਉਨ੍ਹਾਂ ਨੇ ਪਾਰਟੀ ਦੇ ਸਮੂਹ ਵਰਕਰਾਂ ਅਤੇ ਅਹੁਦੇਦਾਰਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਚੋਣਾਂ ਵਿੱਚ ਇਹ ਸ਼ਾਨਦਾਰ ਸਫਲਤਾ ਪ੍ਰਾਪਤ ਹੋਵੇਗੀ।

# ਹਸਪਤਾਲ ਢਾਹਾਂ ਕਲੇਰਾਂ ਦੇ ਡਾ. ਬੈਂਸ ਵੱਲੋਂ ਪੇਟ ਵਿਚ ਫਟੀ ਅਪੈਂਡਿਕਸ ਦਾ ਵੱਡਾ ਅਪਰੇਸ਼ਨ ਕਰਕੇ ਨੌਜਵਾਨ ਦੀ ਜਾਨ ਬਚਾਈ

**ਬੰਗਾ (ਚਰਨਜੀਤ ਸ'ਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪੇਟ ਦੇ ਰੋਗਾਂ ਦੇ ਮਾਹਿਰ, ਜਰਨਲ ਤੇ ਲੈਪਰੋਸਕੋਪਿਕ ਅਪਰੇਸ਼ਨਾਂ ਦੇ ਮਾਹਿਰ ਡਾ. ਮਾਨਵਦੀਪ ਸਿੰਘ ਬੈਂਸ ਐਮ.ਐਸ. ਵੱਲੋਂ ਨੇੜਲੇ ਪਿੰਡ ਦੇ ਨੌਜਵਾਨ ਦੇ ਪੇਟ ਵਿਚ ਫਟੀ ਅਪੈਂਡਿਕਸ ਦਾ ਵੱਡਾ ਅਪਰੇਸ਼ਨ ਕਰਕੇ ਨੌਜਵਾਨ ਦੀ ਜਾਨ ਬਚਾਈ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਡਾ. ਮਾਨਵਦੀਪ ਸਿੰਘ ਬੈਂਸ ਨੇ ਦੱਸਿਆ ਕਿ ਹਸਪਤਾਲ ਵਿਖੇ ਪੇਟ ਦੇ ਦਰਦ ਨਾਲ ਪੀੜ੍ਹਤ 40 ਸਾਲਾ ਨੌਜਵਾਨ ਆਪਣੇ ਇਲਾਜ ਲਈ ਆਇਆ। ਉਸ ਦੇ ਚੈੱਕਅਪ ਦੌਰਾਨ ਪੇਟ ਦੀ ਸਕੈਨ ਕੀਤੀ ਗਈ ਤਾਂ ਜਾਂਚ ਦੌਰਾਨ ਪਤਾ ਲੱਗਾ ਕਿ ਉਸ ਦੇ ਪੇਟ ਦੀ ਅਪੈਂਡਿਕਸ ਫਟ ਚੁੱਕੀ ਸੀ ਅਤੇ ਜਿਸ ਕਰਕੇ ਪੇਟ ਵਿਚ ਇੰਨਫੈਕਸ਼ਨ ਹੋ ਗਈ ਸੀ ਅਤੇ ਸਰੀਰ ਦਾ ਮਲ ਵੀ ਵਿਚ ਰਲ ਚੁੱਕਾ ਸੀ । ਜਦੋਂ ਤੱਕ ਮਰੀਜ਼ ਢਾਹਾਂ ਕਲੇਰਾਂ ਹਸਪਤਾਲ ਪੁੱਜਾ ਤਾਂ ਮਰੀਜ਼ ਦੀ ਹਾਲਤ ਕਾਫੀ ਵਿਗੜ ਚੁੱਕੀ ਸੀ । ਇਸ ਸਬੰਧੀ ਮਰੀਜ਼ ਦੀ ਜਾਨ ਬਚਾਉਣ ਲਈ ਉਸ ਦੇ ਪੇਟ ਦਾ ਚੀਰੇ ਵਾਲਾ ਵੱਡਾ ਅਪਰੇਸ਼ਨ ਕੀਤਾ ਗਿਆ । ਜੋ ਲੱਗਪੱਗ ਢਾਈ ਘੰਟੇ ਤੱਕ ਚੱਲਿਆ । ਅਪਰੇਸ਼ਨ ਉਪਰੰਤ ਮਰੀਜ਼ ਚੌਥੇ ਦਿਨ ਤੰਦਰੁਸਤ ਸੀ ਅਤੇ ਉਸ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ



**ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ 40 ਸਾਲ ਦੇ ਮਰੀਜ਼ ਹਸਪਤਾਲ ਤੋਂ ਛੁੱਟੀ ਮੌਕੇ ਡਾ. ਮਾਨਵਦੀਪ ਸਿੰਘ ਬੈਂਸ ਤੇ ਡਾ. ਦੀਪਕ ਦੁੱਗਲ ਨਾਲ ਖੁਸ਼ੀ ਭਰੇ ਮਾਹੌਲ ਵਿਚ।**

। ਡਾ. ਬੈਂਸ ਨੇ ਇਸ ਅਪੈਂਡਿਕਸ ਦੀ ਬਿਮਾਰੀ ਸਬੰਧੀ ਲੋਕਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਅਪੈਂਡਿਕਸ ਸਰੀਰ ਵਿਚ ਇੱਕ ਛੋਟਾ ਟਿਊਬ-ਆਕਾਰੀ ਅੰਗ ਹੈ ਜੋ ਵੱਡੀ ਆਂਤੜੀ ਨਾਲ ਜੁੜਿਆ ਹੋਇਆ ਹੈ । ਇਹ ਅੰਤੜੀਆਂ ਵਿੱਚ ਲਾਭਦਾਇਕ ਬੈਕਟੀਰੀਆ ਪੈਦਾ ਕਰਕੇ ਅਤੇ ਸਰੀਰ ਦੀ ਰੱਖਿਆ ਕਰਕੇ ਤਾਕਤਵਰ ਬਣਾਉਣ ਵਿਚ ਅਹਿਮ ਯੋਗਦਾਨ ਪਾਉਂਦਾ ਹੈ । ਇਸ ਵਿਚ ਕਿਸੇ ਪ੍ਰਕਾਰ ਦੀ ਇੰਨਫੈਕਸ਼ਨ, ਸੋਜਿਸ ਹੋ ਜਾਵੇ ਜਾਂ ਫਟ ਜਾਵੇ ਤਾਂ ਇਹ ਅੰਗ ਇੱਕ ਗੰਭੀਰ ਡਾਕਟਰੀ ਐਮਰਜੈਂਸੀ ਦਾ ਕਾਰਨ ਬਣ ਸਕਦਾ ਹੈ ਅਤੇ ਜਾਨਲੇਵਾ ਵੀ ਹੋ ਸਕਦਾ ਹੈ । ਜੋ ਆਮ ਤੌਰ ਤੇ ਲੋਕਾਂ ਵਿੱਚ ਪੇਟ ਦੇ ਸੱਜੇ ਪਾਸੇ ਦਰਦ ਨਾਲ ਸ਼ੁਰੂ ਹੁੰਦਾ ਹੈ । ਉੱਥੇ ਜਿਵੇਂ-ਜਿਵੇਂ ਸੋਜਸ਼ ਵੱਧਦੀ ਹੈ, ਤਾਂ ਐਪੈਂਡਿਸਾਈਟਿਸ ਦਰਦ ਵੀ ਵੱਧਦਾ ਹੈ ਤੇ ਅੰਤ ਵਿੱਚ ਬਹੁਤ ਗੰਭੀਰ ਹੋ ਜਾਂਦਾ ਹੈ । ਇਹ ਬਿਮਾਰੀ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ ਪਰ 10 ਤੋਂ 40 ਸਾਲ ਦੀ ਉਮਰ ਦੇ ਲੋਕਾਂ ਵਿੱਚ ਹੁੰਦੀ ਹੈ ਅਤੇ ਜ਼ਿਆਦਾਤਰ ਕੇਸਾਂ ਵਿੱਚ ਅਪੈਂਡਿਕਸ ਨੂੰ ਹਟਾਉਣ ਲਈ ਅਪਰੇਸ਼ਨ ਕਰਨਾ ਪੈਂਦਾ ਹੈ । ਇਸ ਮੌਕੇ ਮਰੀਜ਼ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਵਧੀਆ ਅਪਰੇਸ਼ਨ ਕਰਨ ਲਈ ਡਾਕਟਰ ਮਾਨਵਦੀਪ ਸਿੰਘ ਬੈਂਸ ਅਤੇ ਸਮੂਹ ਹਸਪਤਾਲ ਸਟਾਫ ਦਾ ਹਾਰਦਿਕ ਧੰਨਵਾਦ ਕੀਤਾ । ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਤੇ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਵੀ ਮਰੀਜ਼ ਦੇ ਸਫਲ ਅਪਰੇਸ਼ਨ ਲਈ ਡਾਕਟਰ ਬੈਂਸ ਅਤੇ ਉਹਨਾਂ ਦੀ ਸਮੂਹ ਮੈਡੀਕਲ ਟੀਮ ਸ਼ਾਮਿਲ ਡਾ. ਦੀਪਕ ਦੁੱਗਲ, ਡਾ. ਕੁਲਦੀਪ ਸਿੰਘ, ਡਾ. ਸ਼ੁਰੇਸ਼ ਬਸਰਾ ਅਤੇ ਨਰਸਿੰਗ ਸਟਾਫ ਨੂੰ ਵਧਾਈਆਂ ਦਿੱਤੀਆਂ ।

# ਖੰਡ ਮਿੱਲ ਨਕੋਦਰ ਵੱਲ 21 ਕਰੋੜ ਰੁਪਏ ਦੀ ਦੇਣਦਾਰੀ ਕੋਰੀ ਅਫਵਾਹ- ਜਨਰਲ ਮੈਨੇਜਰ



**ਨਕੋਦਰ (ਹਰਜਿੰਦਰ ਸਿੰਘ ਚੰਦੀ)–** ਇਕ ਕਿਸਾਨ ਜਥੇਬੰਦੀ ਦੀ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿਚ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਨਕੋਦਰ ਸਹਿਕਾਰੀ ਖੰਡ ਮਿੱਲ ਵੱਲ ਕਿਸਾਨਾਂ ਦਾ 21 ਕਰੋੜ ਰੁਪਏ ਦਾ ਬਕਾਇਆ ਰਹਿੰਦਾ ਹੈ ਜੋ ਕਿ ਕੋਰੀ ਅਫਵਾਹ ਹੈ। ਇਸ ਖਬਰ ਦਾ ਖੰਡਨ ਕਰਦਿਆਂ ਸੁਖਵਿੰਦਰ ਸਿੰਘ ਤੂਰ, ਜਨਰਲ ਮੈਨੇਜਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਪੱਸ਼ਟੀਕਰਨ ਦਿੰਤਾ ਉਨ੍ਹਾਂ ਕਿਹਾ ਕਿ ਵਾਇਰਲ ਵੀਡੀਓ ਬਿਲਕੁੱਲ ਝੂਠੀ ਅਤੇ ਬੇ-ਬੁਨਿਆਦ ਹੈ। ਉਨ੍ਹਾਂ ਨੇ ਕਿਹਾ ਕਿ ਨਕੋਦਰ ਸਹਿਕਾਰੀ ਖੰਡ ਮਿੱਲ ਅਤੇ ਪੰਜਾਬ ਰਾਜ ਦੀਆਂ ਦੂਜੀਆਂ ਸਹਿਕਾਰੀ ਖੰਡ ਮਿੱਲਾਂ ਵੱਲ ਗੰਨੇ ਦੀ ਕੀਮਤ ਦਾ ਪਿਛਲੇ ਸਾਲ ਦਾ ਕੋਈ ਬਕਾਇਆ ਨਹੀਂ ਹੈ ਅਤੇ ਚੱਲ ਰਹੇ ਪਿੜਾਈ ਸੀਜਨ ਦੌਰਾਨ ਵੀ ਮਿੱਲ ਵੱਲੋਂ ਮਿਤੀ 06-12-2025 ਤੱਕ ਖ੍ਰੀਦੇ ਗਏ ਗੰਨੇ ਦੀ ਬਣਦੀ ਰਕਮ ਲੱਗਭਗ 2.29 ਕਰੋੜ ਰੁਪਏ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਭੇਜ ਦਿੱਤੀ ਗਈ ਹੈ ਅਤੇ ਅੱਗੋਂ ਨਿਰੰਤਰ ਰੂਪ ਵਿਚ ਗੰਨੇ ਦੀ ਅਦਾਇਗੀ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਕਿਸਾਨਾਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ ਅਤੇ ਕਿਸਾਨ ਵੀ ਗੰਨੇ ਦੀ ਸਪਲਾਈ ਅਤੇ ਮਿੱਲ ਵੱਲੋਂ ਕੀਤੀ ਜਾ ਰਹੀ ਗੰਨੇ ਦੀ ਪੇਮਿੰਟ ਬਾਬਤ ਤਸੱਲੀ ਪ੍ਰਗਟਾ ਰਹੇ ਹਨ ।ਕਿ ਸਾਨੂੰ ਇਸ ਸਾਲ ਗੰਨਾ ਲਿਆਉਂਣ ਵਿਚ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਮਿੱਲ ਨੂੰ ਗੰਨਾ ਸਪਲਾਈ ਕਰਨ ਵਾਲੇ ਕੁੱਝ ਗੰਨਾ ਕਾਸ਼ਤਕਾਰਾਂ ਨਾਲ ਗੱਲਬਾਤ ਕਰਨ ਦੌਰਾਨ ਉਨ੍ਹਾਂ ਨੇ ਮੰਨਿਆਂ ਸਾਡਾ ਮਿੱਲ ਵੱਲ ਪਿਛਲੇ ਸਾਲ ਦਾ ਕੋਈ ਬਕਾਇਆ ਨਹੀਂ ਰਹਿੰਦਾ ਹੈ ਅਤੇ ਇਸ ਸਾਲ ਵੀ ਨਾਲ ਦੀ ਨਾਲ ਪੇਮਿੰਟ ਕਲੀਅਰ ਹੋ ਰਹੀ ਹੈ। ਮਿੱਲ ਦੇ ਜਨਰਲ ਮੈਨੇਜਰ ਵੱਲੋਂ ਸਮੂਹ ਗੰਨਾ ਕਾਸ਼ਤਕਾਰਾਂ ਨੂੰ ਫਿਰ ਅਪੀਲ ਕੀਤੀ ਗਈ ਕਿ ਉਹ ਮਿੱਲ ਵੱਲੋਂ ਜਾਰੀ ਕੀਤੀਆਂ ਗਈਆਂ ਗੰਨਾ ਮੰਗ ਪਰਚੀਆਂ ਅਨੁਸਾਰ, ਮਿੱਲ ਵਿਚ ਤਾਜਾ, ਸਾਫ-ਸੁੱਥਰਾ, ਆਗ/ਕੱਚੀ ਪੋਰੀ, ਖੋਰੀ ਅਤੇ ਜੜ੍ਹਾਂ ਤੋਂ ਰਹਿਤ ਗੰਨਾ ਲੈਕੇ ਆਉਂਣ ਅਤੇ ਗੰਨਾ ਪਰਚੀ ਵਿੱਚ ਦਰਜ਼ ਮਿਤੀ ਅਤੇ ਕਿਸਮ ਮੁਤਾਬਿਕ ਹੀ ਗੰਨਾ ਲੈਕੇ ਆਉਂਣ ਤਾਂ ਜੋ ਮਿੱਲ ਨੂੰ ਤਾਜਾ ਗੰਨਾ ਮਿਲਣ ਨਾਲ ਮਿੱਲ ਨੂੰ ਵੱਧ ਖੰਡ ਦੀ ਪ੍ਰਾਪਤੀ ਹੋ ਸਕੇ ਅਤੇ ਵਿੱਤੀ ਲਾਭ ਪ੍ਰਾਪਤ ਹੋ ਸਕੇ ਕਿਉਂਕਿ ਇਹ ਮਿੱਲ ਤੁਹਾਡੀ ਆਪਣੀ ਮਿੱਲ ਹੈ।

# ਮੁੱਖ ਮੰਤਰੀ ਸਾਹਿਬ ਸਾਡੀਆਂ ਮਹਿਲਾਵਾਂ ਅਤੇ ਭੈਣਾਂ ਨੂੰ ਤੁਸੀਂ ਇੱਕ ਹਜ਼ਾਰ ਰੁਪਿਆ ਤਾਂ ਕੀ ਦੇਣਾ ਸੀ, ਤੁਸੀ ਤਾਂ ਅੰਗਹੀਣ ਅਤੇ ਬੁਢਾਪਾ ਪੈਨਸ਼ਨ ਵੀ ਬੰਦ ਕਰਤੀ-ਚੇਅਰਮੈਨ ਬਲਿਹਾਰ ਸੰਧੀ



**ਫਿਲੌਰ/ਅੱਪਰਾ, (ਦੀਪਾ)– ਪਿਛਲੇ** ਮਹੀਨੇ ਪੈਨਸ਼ਨ ਦੀ ਉਡੀਕ ਵਿੱਚ ਅੰਗਹੀਣ ਅਤੇ ਬਜ਼ੁਰਗਾਂ ਦੇ ਬੈਂਕਾਂ ਵਿਚ ਚੱਕਰ ਲਗਾ ਕੇ ਗੋਡੇ ਗਿੱਟੇ ਦੁਖਣ ਲੱਗ ਪਏ ਅਤੇ ਜੁੱਤੀਆਂ ਘਿਸ ਗਈਆਂ ਪਰ ਹਾਲੇ ਤੱਕ ਦੂਸਰਾ ਮਹੀਨਾ ਚੜਨ ਦੇ ਬਾਵਜੂਦ ਪੈਨਸ਼ਨ ਨਹੀਂ ਮਿਲੀ। ਮੁੱਖ ਮੰਤਰੀ ਸਾਹਿਬ ਜੀ ਤੁਹ-ਾਡੇ ਅਤੇ ਤੁਹਾਡੇ ਨੁਮਾਇੰਦਿਆਂ ਵਲੋਂ ਪੰਜਾਬ ਸਮੇਤ ਪੂਰੇ ਦੇਸ਼ ਭਰ ਵਿੱਚ ਇਹੋ ਹੀ ਪਰਚਾਰ ਕੀਤਾ ਜਾ ਰਿਹਾ ਹੈ ਕਿ ਲੋਕ ਹਿਤੈਸ਼ੀ ਸਰਕਾਰ ਸਿਰਫ ਪੰਜਾਬ ਵਿੱਚ ਹੀ ਹੈ ਅਸੀਂ ਇਹ ਕਿਸ ਤਰਾਂ ਮੰਨ ਲਈਏ ਜਿੱਥੇ ਸਾਡੀ ਪੈਨਸ਼ਨ ਵੀ ਬੰਦ ਹੋ ਗਈ ਲੱਗਦੀ ਹੈ। ਨਾਲ ਦੇ ਰਾਜਾਂ ਵਿੱਚ ਪੈਨਸ਼ਨ ਦੀ ਰਕਮ ਵੀ ਸਾਡੇ ਨਾਲੋਂ ਵੱਧ ਹੈ ਪਰ ਉੱਥੇ ਅਜਿਹੀਆਂ ਗੱਲਾਂ ਸੁਣਨ ਨੂੰ ਨਹੀਂ ਮਿਲਦੀਆਂ। ਹੁਣ ਤਾਂ ਲੋਕਾਂ ਦੀ ਵੀ ਇਹੋ ਮੰਗ ਹੈ ਕਿ ਮਹਿਲਾਵਾਂ ਭੈਣਾਂ ਨੂੰ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਜੋਂ ਤੁਸੀ ਕੀਤਾ ਸੀ ਉਹ ਤਾਂ ਨੇਪਰੇ ਨਹੀਂ ਚੜ ਸਕਿਆ ਪਰ ਪੈਨਸ਼ਨ ਹੀ ਚਾਲੂ ਰੱਖੀ ਜਾਵੇ। ਇਸ ਸਬੰਧੀ ਗੱਲਬਾਤ ਕਰਦਿਆਂ ਹੈਂਡੀਕੈਪਡ ਸੇਵਾ ਸੋਸਾਇਟੀ ਪੰਜਾਬ ਦੇ ਚੇਅਰਮੈਨ ਬਲਿਹਾਰ ਸੰਧੀ ਤੇ ਪ੍ਰਧਾਨ ਅਮਨਦੀਪ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਤੁਹਾਡੇ ਵਾਅਦੇ ਅਤੇ ਗੱਲਾਂ ਵੀ ਰਾਤ ਨੂੰ ਆਉਣ ਵਾਲੇ ਸੁਪਨਿਆਂ ਦੀ ਤਰ੍ਹਾਂ ਹੀ ਹੈ ਜੋ ਘੱਟ ਹੀ ਸੱਚ ਹੁੰਦੇ ਹਨ। ਜੇਕਰ ਤੁਸੀਂ ਅਤੇ ਤੁਹਾਡੀ ਸਰਕਾਰ ਲੋਕ ਹਿਤੈਸ਼ੀ ਹੈ ਤਾਂ ਪੈਨਸ਼ਨ ਦੋ ਚਾਰ ਦਿਨ ਤਾਂ ਲੇਟ ਹੋ ਜਾਵੇ ਨਾ ਕਿ ਮਹੀਨਿਆਂ ਬੱਧੀ ਲੇਟ ਹੋਵੇ। ਤੁਹਾਡੀ ਸਰਕਾਰ ਵਲੋਂ ਅਪਾਹਿਜਾਂ ਦੀ ਸਹੂਲਤ ਲਈ ਕਿਹੜੀਆਂ ਸਕੀਮਾਂ ਚਲਾਈਆਂ ਗਈਆਂ ਹਨ ਜਨਤਕ ਕੀਤੀਆ ਜਾਵਣ। ਪਿਛਲੇ ਮਹੀਨੇ ਪੂਰੇ ਪੰਜਾਬ ਭਰ ਵਿੱਚ ਲੱਗੇ ਤੁਹਾਡੇ ਫਲੈਕਸ ਬੋਰਡਾਂ ਨੇ ਦੱਸ ਦਿੱਤਾ ਸੀ ਕਿ ਤੁਸੀ ਜਨ ਹਿਤੈਸ਼ੀ ਨਹੀਂ ਪ੍ਰਸਿੱਧੀ ਦੇ ਭੁੱਖੇ ਹਨ। ਇਸ ਮੌਕੇ ਉਨਾਂ ਨਾਲ ਪ੍ਰਧਾਨ ਅਮਨਦੀਪ ਸਿੰਘ, ਮੱਖਣ ਸਿੰਘ, ਮਨਜੀਤ ਸਿੰਘ ਵੀ ਹਾਜ਼ਰ ਸਨ ।

# ਡਾ.ਭੁਪਿੰਦਰ ਸਿੰਘ ਬੇਦੀ ਦੀ ਪੁਸਤਕ 'ਨਾਵਲ, ਮੇਰੀ ਨਜ਼ਰ ਵਿਚ' ਦਾ ਲੋਕ ਅਰਪਣ



**ਬਰਨਾਲਾ (ਚੰਡਿਹੋਕ)** ਪੰਜਾਬੀ ਸਾਹਿਤ ਸਭਾ ਰਜਿ.ਬਰਨਾਲਾ ਵੱਲੋਂ ਡਾ.ਭੁਪਿੰਦਰ ਸਿੰਘ ਬੇਦੀ ਦੀ ਆਲੋਚਨਾ ਪੁਸਤਕ " ਨਾਵਲ,ਮੇਰੀ ਨਜ਼ਰ ਵਿਚ " ਦਾ ਲੋਕ ਅਰਪਣ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਮੈਂਬਰ ਭਾਰਤੀ ਸਾਹਿਤ ਅਕੈਡਮੀ ਅਤੇ ਬਹੁ ਵਿਧਾਵੀ ਲੇਖਿਕਾ ਡਾ. ਤਰਸਪਾਲ ਕੌਰ ਨੇ ਬਾਬਾ ਆਲਾ ਸਿੰਘ ਪਾਰਕ ਵਿਚ ਕੀਤਾ।ਇਸ ਮੌਕੇ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਬਹੁਤ ਸਮੇਂ ਬਾਦ ਇਕੋ ਸਿਨਫ ਬਾਰੇ ਆਲੋਚਨਾ ਦੀ ਪੁਸਤਕ ਆਈ ਹੈ।ਜਿਸ ਦਾ ਸਵਾਗਤ ਕਰਨਾ ਬਣਦਾ ਹੈ।ਪੰਜਾਬੀ ਆਲੋਚਨਾ ਦੇ ਨਵੇਂ ਮਾਪਦੰਡਾਂ ਦੇ ਅਧਾਰਿਤ ਨਿੱਠ ਕੇ ਕੰਮ ਕਰਨ ਦੀ ਜ਼ਰੂਰਤ ਹੈ।ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਪੁਸਤਕ ਵਿਚ ਪੰਦਰਾਂ ਆਰਟੀਕਲ ਵੱਖ ਵੱਖ ਨਾਵਲਕਾਰਾਂ ਦੇ ਸ਼ਾਮਿਲ ਕੀਤੇ ਹਨ।ਜਿੰਨਾ ਨੂੰ ਪੜ੍ਹ ਕੇ ਨਾਵਲ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ।ਡਾ.ਤਰਸਪਾਲ ਕੌਰ ਨੇ ਕਿਹਾ ਕਿ ਹਰ ਪੇਪਰ ਦੇ ਮੁੱਢ ਜਾਂ ਅਖੀਰ ਵਿਚ ਨਾਵਲ ਦੀਆਂ ਵਿਸ਼ੇਸ਼ਤਾਵਾਂ ਨੂੰ ਤਰਤੀਬਬੱਧ ਕੀਤਾ ਗਿਆ ਹੈ।ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਡਾ.ਬੇਦੀ ਦੀ ਪੁਸਤਕ ਕਾਫੀ ਸਮੇਂ ਬਾਦ ਆਈ ਹੈ ਜਿਸਨੇ ਖੜੋਤ ਨੂੰ ਤੋੜਿਆ ਹੈ। ਹੁਣ ਹੋਰ ਪੁਸਤਕਾਂ ਵੀ ਛਪ ਕੇ ਆਉਣਗੀਆਂ। ਸਾਹਿਤ ਅਕੈਡਮੀ ਜੇਤੂ ਸ਼ਾਇਰ ਤਰਸੇਮ ਨੇ ਕਿਹਾ ਕਿ ਡਾ.ਬੇਦੀ ਨੇ ਆਲੋਚਨਾ ਦੇ ਖੇਤਰ ਵਿਚ ਨਿਵੇਕਲੇ ਯਤਨ ਕੀਤੇ ਹਨ।ਪੰਜਾਬੀ ਆਲੋਚਨਾ ਵਿਚ ਡਾ ਹਰਭਜਨ ਸਿੰਘ ਵਾਂਗ ਕੰਮ ਕਰਨ ਚਾਹੀਦਾ ਹੈ।ਇਸ ਮੌਕੇ ਪੰਜਾਬੀ ਆਲੋਚਕ ਤੇ ਸ਼ਾਇਰ ਡਾ.ਰਾਮ ਪਾਲ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਡਾ.ਬੇਦੀ ਨੇ ਆਪਣੀ ਸਮਰੱਥਾ ਅਨੁਸਾਰ ਪੰਜਾਬੀ ਨਾਵਲ ਨੂੰ ਸਮਝਿਆ ਹੈ।ਨਵੇਂ ਆਲੋਚਕਾਂ ਇਹ ਕਿਤਾਬ ਨਵੀਂ ਜਾਣਕਾਰੀ ਦੇਵੇਗੀ। ਇਸ ਸਮਾਗਮ ਵਿਚ ਡਾ.ਸੰਪੂਰਨ ਸਿੰਘ ਟੱਲੇਵਾਲੀਆ, ਕਹਾਣੀਕਾਰ ਪਵਨ ਪਰਿੰਦਾ,ਖੋਜੀ ਵਿਦਵਾਨ ਮਹਿੰਦਰ ਸਿੰਘ ਰਾਹੀ,ਆਲੋਚਕ ਤੇਜਿੰਦਰ ਸਿੰਘ ਚੰਡਿਹੋਕ, ਨਾਵਲਕਾਰ ਦਰਸ਼ਨ ਸਿੰਘ ਗੁਰੂ,ਗ਼ਜ਼ਲਗੋ ਲਛਮਣ ਦਾਸ ਮੁਸਾਫਿਰ, ਸ਼ਾਇਰ ਪਾਲ ਸਿੰਘ ਲਹਿਰੀ,ਗੀਤਕਾਰ ਰਘਵੀਰ ਸਿੰਘ ਕੱਟੂ, ਹਾਕਮ ਸਿੰਘ ਰੂੜੇਕੇ,ਸੀਨੀਅਰ ਸਿਟੀਜਨ ਦੇ ਸੀ.ਮੀਤ ਪ੍ਰਧਾਨ ਅਮਰਜੀਤ ਸਿੰਘ ਭੁੱਲਰ ਅਤੇ ਮੰਚ ਸੰਚਾਲਕ ਮਾਲਵਿੰਦਰ ਸ਼ਾਇਰ ਸ਼ਾਮਿਲ ਹੋਏ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਿਆਂ ਦੇ ਖ਼ਾਤਮੇ ਤੇ ਬਾਲ ਵਿਆਹ ਦੀ ਰੋਕਥਾਮ ਸਬੰਧੀ ਜਾਗਰੂਕਤਾ ਮੁਹਿੰਮ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ )** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਨੀਰਜ ਗੋਇਲ ਦੀ ਅਗਵਾਈ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ ਦੇ ਪਿੰਡਾਂ ਵਿਚ ਨਸ਼ੇ ਦੇ ਖ਼ਾਤਮੇ ਸਬੰਧੀ ਵਿਆਪਕ ਜਨਤਕ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਹ ਪ੍ਰੋਗਰਾਮ ਨਸ਼ਾ ਛੁਡਾਊ ਕੇਂਦਰ, ਸਿਵਲ ਹਸਪਤਾਲ ਹੁਸ਼ਿਆਰਪੁਰ, ਸਾਂਝ ਕੇਂਦਰ/ਲੀਗਲ ਏਡ ਕਲੀਨਿਕ ਦਸੂਹਾ, ਸਾਂਝ ਕੇਂਦਰ ਮੁਕੇਰੀਆਂ ਅਤੇ ਵੱਖ-ਵੱਖ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਕਾਰਾਤਮਕ ਜੀਵਨ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਪੈਨਲ ਐਡਵੋਕੇਟਾਂ ਅਤੇ ਕਾਨੂੰਨੀ ਸਹਾਇਤਾ ਬਚਾਅ ਕੌਂਸਲਾਂ ਵੱਲੋਂ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਸੈਮੀਨਾਰਾਂ ਦੌਰਾਨ ਇਹ ਦੱਸਿਆ ਗਿਆ ਕਿ ਨਸ਼ਿਆਂ ਦੀ ਦੁਰਵਰਤੋਂ ਵਿਅਕਤੀ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਜੀਵਨ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ, ਜਿਸ ਨਾਲ ਪਰਿਵਾਰਾਂ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ ਅਤੇ ਸਮਾਜ ਦੇ ਸੰਤੁਲਨ ਨੂੰ ਵਿਗਾੜਦਾ ਹੈ। ਬੁਲਾਰਿਆਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਛੱਡ ਕੇ ਆਪਣੀ ਊਰਜਾ ਸਿੱਖਿਆ, ਖੇਡਾਂ ਅਤੇ ਸਮਾਜ ਸੇਵਾ ਵਰਗੀਆਂ ਉਸਾਰੂ ਗਤੀਵਿਧੀਆਂ ਲਈ ਸਮਰਪਿਤ ਕਰਨ, ਤਾਂ ਜੋ ਇੱਕ ਸਿਹਤਮੰਦ ਅਤੇ ਮਜ਼ਬੂਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਪ੍ਰੋਗਰਾਮ ਦੌਰਾਨ ਨਾਲਸਾ ਦੀ ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੇਵੀਗੇਸ਼ਨ (ਡਰੱਗ ਮੁਕਤ ਭਾਰਤ ਲਈ) ਯੋਜਨਾ-2025 ਦੇ ਤਹਿਤ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਅਤੇ ਐਨ.ਡੀ.ਪੀ.ਐਸ ਐਕਟ ਅਧੀਨ ਸਬੰਧਤ ਕਾਨੂੰਨੀ ਉਪਬੰਧਾਂ ਨੂੰ ਵੀ ਵਿਸਥਾਰ ਨਾਲ ਉਜਾਗਰ ਕੀਤਾ ਗਿਆ।ਅਖ਼ੀਰ ਵਿਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਦੁਆਰਾ ਮੌਜੂਦ ਲੋਕਾਂ ਨੂੰ ਜਾਗਰੂਕਤਾ ਸਮੱਗਰੀ ਵੰਡੀ ਗਈ। ਇਸ ਤੋਂ ਇਲਾਵਾ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਤਹਿਤ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਬਾਲ ਵਿਆਹ ਨਾਲ ਸਬੰਧਤ ਕਾਨੂੰਨੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ।

# ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ 21 ਵਾਂ ਖੂਨਦਾਨ ਕੈਂਪ 18 ਦਸੰਬਰ ਨੂੰ ਗੁਰੂਦੁਆਰਾ ਭੱਠਾ ਸਾਹਿਬ ਵਿਖੇ :ਹਿੰਮਤ ਸਿੰਘ ਰਾਜਾ



**ਰੂਪਨਗਰ (ਜਤਿੰਦਰ ਪਾਲ ਸਿੰਘ ਕਲੇਰ )**- ਚਾਰ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਅਤੇ ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ 18 ਦਸੰਬਰ ਦਿਨ ਵੀਰਵਾਰ ਨੂੰ ਨਜ਼ਦੀਕ ਲੰਗਰ ਹਾਲ ਗੁਰੂਦੁਆਰਾ ਭੱਠਾ ਸਾਹਿਬ ਵਿਖੇ 21 ਵਾਂ ਖੂਨਦਾਨ ਕੈਂਪ ਲਗਾਇਆ ਜਾ ਰਿਹਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿੱਖ ਸਟੂਡੈਂਟਸ ਫੈਡਰੇਸ਼ਨ (ਗਰੇਵਾਲ ) ਰੋਪੜ੍ਹ ਦੇ ਪ੍ਰਧਾਨ ਹਿੰਮਤ ਸਿੰਘ ਰਾਜਾ ਰੋਪੜ੍ਹ ਨੇ ਦੱਸਿਆਂ ਕਿ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਇਹ ਕੈਂਪ ਲਗਾਇਆ ਜਾ ਰਿਹਾ ਹੈ । ਉਨ੍ਹਾਂ ਇਲਾਕੇ ਦੇ ਨੌਜਵਾਨਾਂ ਅਤੇ ਸਮੂਹ ਸੰਗਤਾਂ ਨੂੰ ਇਸ ਕੈਂਪ ਵਿੱਚ ਵੱਧ ਤੇ ਵੱਧ ਪਹੁੰਚ ਕੇ ਖੂਨਦਾਨ ਕਰਨ ਦੀ ਲਈ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਖੂਨਦਾਨ ਤੋਂ ਵੱਡਾ ਕੋਈ ਦਾਨ ਨਹੀ ਹੈ । ਸਾਡੇ ਖੂਨ ਦੀ ਇਕ ਇਕ ਬੂੰਦ ਕਿਸੇ ਦੀ ਕੀਮਤੀ ਜਾਨ ਬਚਾ ਸਕਦੀ ਹੈ । ਇਸ ਲਈ ਉਨ੍ਹਾਂ ਨੇ ਇਸ ਖੂਨਦਾਨ ਕੈਂਪ ਵਿੱਚ ਪਹੁੰਚ ਕੇ ਖੂਨਦਾਨ ਕਰਨ ਦੀ ਅਪੀਲ ਕੀਤੀ ।

## ਸਾਈਆਂ ਦੀਆਂ ਜੁੱਤੀਆਂ ਸਾਈਆਂ ਦੇ ਸਿਰ (ਮਿੰਨੀ ਕਹਾਣੀ)



' ਨਿਰਮਲ! ਮੈਂ ਤੈਨੂੰ ਕਿੰਨੀ ਵਾਰੀ ਸੁਨੇਹਾ ਪਾਇਆ ਹੈ ਕਿ ਕਵਿਤਾ ਭੇਜ ਤੇ ਫੀਸ ਸਿਰਫ 200 ਰੁਪਏ ਹੈ ਉਹਦੇ ਵਿੱਚੋਂ ਜਿਹੜੇ ਚੁਣੇ ਗਏ ਉਹਨਾਂ ਨੂੰ ਮੋਮੈਂਟੋ ਸ਼ਾਲ ਅਤੇ ਕੈਸ਼ ਦੇ ਨਾਲ ਨਿਵਾਜਿਆ ਜਾਏਗਾ ਪਰ ਤੂੰ ਕੋਈ ਜਵਾਬ ਹੀ ਨਹੀਂ ਦਿੱਤਾ।' ' ਕਰਮਜੀਤ !ਗਲ ਇਸ ਤਰਾਂ ਹੈ ਕਿ ਮੈਂ ਪੈਸੇ 500 ਰੁਪਏ ਪਾ ਦਿੰਦੀ ਹੈ ਤੇ ਫਿਰ ਤਾਂ ਤੁਸੀਂ ਪਹਿਲਾ ਦੂਜਾ ਤੀਜਾ ਕੋਈ ਵੀ ਇਨਾਮ ਕੱਢ ਹੀ ਦਿਓਗੇ, ਇਸ ਵਾਸਤੇ ਮੈਂ ਪੈਸੇ ਨਹੀਂ ਭੇਜ ਰਹੀ ,ਕਿਉਂਕਿ ਇਹ ਤਾਂ ਛੱਪਣਗੀਆਂ ਜੇਕਰ ਪੈਸੇ ਭੇਜੋਗੇ ਤੇ ਸਭ ਨੂੰ ਬਾਕੀ ਸਭ ਨੂੰ ਈ ਸਰਟੀਫਿਕੇਟ ਦੇ ਕੇ ਨਿਵਾਜੋਗੇ, ਇਹ ਤਾਂ ਉਹੀ ਗੱਲ ਹੋਈ 'ਸਾਈਆਂ ਦੀਆਂ ਜੁੱਤੀਆਂ ਸਾਈਆਂ ਦੇ ਸਿਰ' ਸਮਝ ਗਈ ਹੋਣੀ ਬਹੁਤ ਕੁਝ।'

**ਕੰਵਲਜੀਤ ਕੌਰ**

# ਚੱਕ ਸਾਹਬੂ ਨਹਿਰ 'ਚ ਡਿੱਗੀ ਹੋਈ ਜੰਗਲੀ ਨੀਲ ਗਾਂ ਨੂੰ ਫਾਰੈਸਟ ਤੇ ਵਾਈਲਡ ਲਾਈਫ ਡਿਪਾਰਟਮੈਂਟ ਨੇ ਨੌਜਵਾਨਾਂ ਦੇ ਸਹਿਯੋਗ ਨਾਲ ਬਾਹਰ ਕੱਢਿਆ

## ਨੀਲ ਗਾਂ ਨੂੰ ਜੰਗਲ 'ਚ ਸੁਰੱਖਿਅਤ ਜਗਾ 'ਤੇ ਛੱਡਿਆ ਜਾਵੇਗਾ-ਰੇਂਜ ਅਫਸਰ ਜਸਵੰਤ ਸਿੰਘ ਕਟਾਰੀਆ



**ਫਿਲੌਰ/ਅੱਪਰਾ, (ਦੀਪਾ)**- ਕਰੀਬੀ ਪਿੰਡ ਚੱਕ ਸਾਹਬੂ ਵਾਲੀ ਨਹਿਰ 'ਚ ਡਿੱਗੀ ਹੋਈ ਜੰਗਲੀ ਨੀਲ ਗਾਂ ਨੂੰ ਫਾਰੈਸਟ ਤੇ ਵਾਈਲਡ ਲਾਈਫ ਡਿਪਾਰਟਮੈਂਟ ਨੇ ਨੌਜਵਾਨਾਂ ਦੇ ਸਹਿਯੋਗ ਨਾਲ ਦੋ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਬਾਹਰ ਕੱਢ ਲਿਆ । ਇਸ ਮੌਕੇ ਇਕੱਤਰ ਨੌਜਵਾਨਾਂ ਜਸਵੀਰ ਸਿੰਘ ਸ਼ੀਰਾ ਸਾਬਕਾ ਮੈਂਬਰ ਪੰਚਾਇਤ, ਗੌਰਵ ਤੇ ਹੋਰ ਨੌਜਵਾਨਾਂ ਨੇ ਦੱਸਿਆ ਕਿ ਜਿਵੇਂ ਹੀ ਉਨਾਂ ਨੂੰ ਪਤਾ ਲੱਗਿਆ ਕਿ ਇੱਕ ਜੰਗਲੀ ਜਾਨਵਰ ਨਹਿਰ 'ਚ ਡਿੱਗਿਆ ਹੋਇਆ ਹੈ ਤਾਂ ਉਨਾਂ ਨੇ ਉਸਨੂੰ ਬਾਹਰ ਕੱਢਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ । ਨਹਿਰ 'ਚ ਤਿੰਨ ਫੁੱਟ ਤੱਕ ਪਾਣੀ ਸੀ, ਜਿਸ ਕਾਰਣ ਜੰਗਲੀ ਜਾਨਵਰ ਦੀ ਜਾਨ ਨੂੰ ਵੀ ਖਤਰਾ ਸੀ । ਇਸ ਸੰਬੰਧ 'ਚ ਫਾਰੈਸਟ ਤੇ ਵਾਈਲਡ ਲਾਈਫ ਡਿਪਾਰਟਮੈਂਟ ਫਿਲੌਰ ਨੂੰ ਸੂਚਿਤ ਕੀਤਾ ਗਿਆ ਤਾਂ ਰੇਂਜ ਅਫਸਰ ਸ. ਜਸਵੰਤ ਸਿੰਘ ਕਟਾਰੀਆ ਨੇ ਤਰੁੰਤ ਕਾਰਵਾਈ ਕਰਦੇ ਹੋਏ ਬੀਟ ਇੰਚਾਰਜ ਬਿਕਰਮਜੀਤ ਸਿੰਘ ਦੀ ਅਗਵਾਈ 'ਚ ਇੱਕ ਟੀਮ ਉਕਤ ਜਗਾ 'ਤੇ ਭੇਜ ਦਿੱਤੀ । ਸਮੂਹ ਟੀਮ ਵਲੋਂ ਇਲਾਕੇ ਦੇ ਨੌਜਵਾਨਾਂ ਦੇ ਸਹਿਯੋਗ ਨਾਲ ਲਗਭਗ ਦੋ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਬਾਹਰ ਕੱਢ ਲਿਆ । ਇਸ ਮੌਕੇ ਰੇਂਜ ਅਫਸਰ ਸ. ਜਸਵੰਤ ਸਿੰਘ ਕਟਾਰੀਆ ਨੇ ਦੱਸਿਆ ਕਿ ਜੰਗਲੀ ਨੀਲ ਗਾਂ ਨੂੰ ਜੰਗਲ 'ਚ ਸੁਰੱਖਿਅਤ ਜਗਾ 'ਤੇ ਛੱਡ ਦਿੱਤਾ ਜਾਵੇਗਾ ।



## ਇੱਕੀਵੀਂ ਸਦੀ ਦਿਆ ਰਾਂਝਿਆ



ਬਣ ਕੇ ਪਾਲ਼ੀ ਸਾਡੀਆਂ ਮੱਝਾਂ ਦਾ ,
ਤੂੰ ਤਾਂ ਸਾਨੂੰ ਵੀ ਚਾਰ ਗਿਆ ।
ਸਾਡੇ ਸੱਜਰੇ ਬਣੇਂ ਸ਼ਰੀਕਾਂ ਦਾ ,
ਤੂੰ ਤਨ ਮਨ ਸੀ ਠਾਰ ਗਿਆ ।
ਤੈਨੂੰ ਚੀਨਾ ਕਬੂਤਰ ਸਮਝ ਅਸੀਂ ,
ਕੋਠੇ 'ਤੇ ਛਤਰੀ ਗੱਡੀ ਸੀ ।
ਪਰ ਤੂੰ ਗੋਲਿਆਂ ਤੋਂ ਮਾੜਾ ਬਣਕੇ ,
ਦੂਰ ਉਡਾਰੀ ਮਾਰ ਗਿਆ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਕਦੇ ਨਹੀਂ ਮਿਲਦੇ

ਸੂਰਜ ਅਤੇ ਚੰਨ ਕਦੇ ਨਹੀਂ ਮਿਲਦੇ।
ਧਰਤੀ ਅਤੇ ਅਸਮਾਨ ਕਦੇ ਨਹੀਂ ਮਿਲਦੇ।
ਰੇਲ ਦੀਆਂ ਦੋਵੇਂ ਪਟੜੀਆਂ ਕਦੇ ਨਹੀਂ ਮਿਲਦੀਆਂ।
ਦੋਸਤ ਅਤੇ ਦੁਸ਼ਮਣ ਕਦੇ ਨਹੀਂ ਮਿਲਦੇ।
ਜੰਗ ਅਤੇ ਸ਼ਾਂਤੀ ਕਦੇ ਨਹੀਂ ਮਿਲਦੇ।
ਪਤਝੜ ਅਤੇ ਬਸੰਤ ਕਦੇ ਨਹੀਂ ਮਿਲਦੇ।
ਹੰਕਾਰ ਅਤੇ ਨਿਮਰਤਾ ਕਦੇ ਨਹੀਂ ਮਿਲਦੇ।
ਗਰੀਬੀ ਅਤੇ ਅਮੀਰੀ ਕਦੇ ਨਹੀਂ ਮਿਲਦੇ।
ਤਿਆਗ ਅਤੇ ਲਾਲਚ ਕਦੇ ਨਹੀਂ ਮਿਲਦੇ।
ਪੂਰਬ ਅਤੇ ਪੱਛਮ ਕਦੇ ਨਹੀਂ ਮਿਲਦੇ।
ਜ਼ਿੰਦਗੀ ਅਤੇ ਮੌਤ ਕਦੇ ਨਹੀਂ ਮਿਲਦੇ।
ਉਦਾਸੀ ਅਤੇ ਖੁਸ਼ੀ ਕਦੇ ਨਹੀਂ ਮਿਲਦੇ।
ਸੁਫਨੇ ਅਤੇ ਸੱਚਾਈ ਕਦੇ ਨਹੀਂ ਮਿਲਦੇ।
ਕੌੜਾ ਅਤੇ ਮਿੱਠਾ ਕਦੇ ਨਹੀਂ ਮਿਲਦੇ।
ਅੱਗ ਅਤੇ ਪਾਣੀ ਕਦੇ ਨਹੀਂ ਮਿਲਦੇ।
ਆਗਾ ਅਤੇ ਪਿੱਛਾ ਕਦੇ ਨਹੀਂ ਮਿਲਦੇ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 359045**
**ਰੋਹਤਕ ਹਰਿਆਣਾ**

## ਰੁਤਬਾ

ਰੁਤਬਾ ਇਹ ਇਸ਼ਕ ਹਕੀਕੀ ਦਾ
ਮਿਲਦਾ ਨਹੀਂ ਪਾਉਣਾ ਪੈਂਦਾ ਹੈ ,
ਛੱਡ ਮਹਿਲ ਮੁਨਾਰੇ ਜੰਗਲਾਂ ਵਿੱਚ
ਕੰਡਿਆਂ ਤੇ ਸੌਣਾਂ ਪੈਂਦਾ ਹੈ,
ਜਿਸ ਤਨ ਮਨ ਲੱਗੇ ਓ ਜਾਣੇਂ ,
ਕੀ ਬੀਤ ਜਾਵਣ ਜਿੰਦ ਤੇ ਮਾਣੇਂ,
ਕਦੇ ਜਿਗਰ ਦੇ ਟੁਕੜੇ ਬੱਚਿਆਂ ਨੂੰ
ਲੇਖੇ ਇਸ਼ਕ ਦੇ ਲਾਉਣਾ ਪੈਂਦਾ ਹੈ।
ਰੁਤਬਾ ਇਹ ਇਸ਼ਕ ਹਕੀਕੀ ਦਾ
ਮਿਲਦਾ ਨਹੀਂ ਪਾਉਣਾ ਪੈਂਦਾ ਹੈ....
ਰੁਤਬਾ ਇਹ ਪਾਕ ਫ਼ਕੀਰੀ ਦਾ
ਕਿੰਝ ਸ਼ਾਹ ਮਨਸੂਰ ਨੇ ਪਾਇਆ
ਸੀ, ਦੁਨੀਆਂ ਦੇ ਪੱਥਰ ਖਾ ਜਰ ਲੈ
ਸ਼ਿਬਲੀ ਦੇ ਫੁੱਲ ਗਿਰਾਇਆ ਸੀ,
ਜੋ ਰਮਜ਼ ਯਾਰ ਦੀ ਸਮਝ ਲਵੇ
ਸੂਲੀ ਵੀ ਚੜਾਉਣਾ ਪੈਂਦਾ ਹੈ।
ਰੁਤਬਾ ਇਹ ਇਸ਼ਕ ਹਕੀਕੀ ਦਾ
ਮਿਲਦਾ ਨਹੀਂ ਪਾਉਣਾ ਪੈਂਦਾ ਹੈ.....
ਅਸਲੀਅਤ ਖੇਡ ਅਵੱਲੀ ਆ
ਇਸ ਰਾਹ ਤੇ ਚੱਲਣਾ ਸੌਖਾ ਨਹੀਂ,
ਜਾਅ ਪਿੱਛੇ ਮੁੜ ਜਾਅ ਬੇ ਸਮਝਾ
ਫਿਰ ਮੁੜਨੇ ਦਾ ਵੀ ਮੌਕਾ ਨਹੀਂ,
ਕਦੇ ਨੇਕ ਨਿਮਾਣਿਆਂ ਇਸ਼ਕੇ ਲਈ
ਬੰਦ ਬੰਦ ਕਟਵਾਉਣਾਂ ਪੈਂਦਾ ਹੈ ।
ਰੁਤਬਾ ਇਹ ਇਸ਼ਕ ਹਕੀਕੀ ਦਾ
ਮਿਲਦਾ ਨਹੀਂ ਪਾਉਣਾ ਪੈਂਦਾ ਹੈ
ਛੱਡ ਮਹਿਲ ਮੁਨਾਰੇ ਜੰਗਲਾਂ ਵਿੱਚ
ਕੰਡਿਆਂ ਤੇ ਸੌਣਾਂ ਪੈਂਦਾ ਹੈ।



**ਸ਼ੇਰਗਿੱਲ ਨੇਕ ਉਰਫ਼ ਨੇਕ ਨਿਮਾਣਾਂ**
**ਮੋਬਾਈਲ ਨੰਬਰ 00916280168137**

## ਗ਼ਜ਼ਲ

ਤੇਰੀ ਹਰ ਕਾਇਰਤਾ ਵਿੱਚੋਂ ਤੇਰੀ ਔਕਾਤ ਦਿਸਦੀ ਹੈ
ਮੁੱਢ ਕਦੀਮ ਤੋਂ ਤੇਰੀ ਖ਼ੂਨੀ ਜਾਤ ਦਿਸਦੀ ਹੈ

ਤੇਰਾ ਇਹ ਵਹਿਮ ਹੈ ਕੋਰਾ ਮੌਸਮ ਕੈਦ ਨਹੀਂ ਹੋਣੇ
ਹਰ ਰਾਤ ਦੇ ਮਗਰੋਂ ਸਦਾ ਪ੍ਰਭਾਤ ਦਿਸਦੀ ਹੈ

ਬਾਗੀ ਕਤਲੇਂਗਾ ਕਿੰਨੇ ਇਹ ਕਤਾਰ ਹੈ ਲੰਬੀ
ਲਹੂ ਦੀ ਕਿੰਨੀ ਹੈ ਤੈਨੂੰ ਤੇਰੀ ਪਿਆਸ ਦਿਸਦੀ ਹੈ

ਜਦੋਂ ਤੱਕ ਕਿਰਤ ਦੇ ਪਿੰਡੇ ਨਹੁੰਦਰ ਚੱਲੇਗੀ ਤੇਰੀ
ਜੰਗ ਲੋੜ ਹੈ ਸਾਡੀ ਸਿੱਧ ਸਪਾਟ ਦਿਸਦੀ ਹੈ

'ਬੀਰਤਾ' ਦੀ ਫ਼ੀਤੀ ਲਾ ਕੇ ਤੂੰ ਆਖ਼ਰ ਬੁਜ਼ਦਿਲ ਵੱਜੇਂਗਾ
ਤੇਰੀ ਬੰਦੂਕ ਦੇ ਬੂਥੇ ਸਾਫ਼ ਘਬਰਾਟ ਦਿਸਦੀ ਹੈ

ਤੈਨੂੰ ਚਾਅ ਹੈ ਸੂਲੀ ਦਾ ਅਸਾਂ ਦਾ ਇਸ਼ਕ ਹੈ ਮਕਤਲ
ਹੱਕ ਨੂੰ ਪੈਣੀ ਜੋ ਪੈਣੀ ਉਹ 'ਖ਼ੈਰਾਤ' ਦਿਸਦੀ ਹੈ

ਤੇਰੇ ਜ਼ੁਲਮ ਦੇ ਛਿੱਟਿਆਂ ਨਾਲ਼ ਕੀ ਬੁਝਣਾ ਹੈ ਇਸ ਨੇ
ਪਾ ਕੇ ਰੱਤ ਜਗਾਈ ਜੋ ਸੂਹੀ ਲਾਟ ਦਿਸਦੀ ਹੈ



**ਲੇਖਕ ਗੁਰਮੇਲ ਭੁਟਾ.ਲ**
**- +91 9417759042**




# ਆਸ਼ਾ ਕਿਰਨ ਸਕੂਲ ਦੇ ਵਿਦਿਆਰਥੀਆਂ ਨੇ ਸਪੈਸ਼ਲ ਓਲੰਪਿਕਸ ਵਿੱਚ ਰਨਰ-ਅੱਪ ਟਰਾਫੀ ਜਿੱਤੀ

## ਵਿਸ਼ੇਸ਼ ਬੱਚਿਆਂ ਦੀ ਖੇਡ ਭਾਵਨਾ ਨੇ ਸਾਰਿਆਂ ਦਾ ਦਿਲ ਜਿੱਤ ਲਿਆ : ਪਰਮਜੀਤ ਸਚਦੇਵਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – 26ਵੀਂ ਪੰਜਾਬ ਸਟੇਟ ਸਪੈਸ਼ਲ ਓਲੰਪਿਕਸ 12 ਤੋਂ 14 ਦਸੰਬਰ ਤੱਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ ਕੀਤੀ ਗਈ। ਓਲੰਪਿਕ ਦੌਰਾਨ, ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦੇ ਵਿਦਿਆਰਥੀਆਂ ਨੇ ਬਿਗ ਸਕੂਲ ਸ਼੍ਰੇਣੀ ਵਿੱਚ ਦੂਜੀ ਰਨਰ-ਅੱਪ ਟਰਾਫੀ ਜਿੱਤੀ। ਓਲੰਪਿਕ ਦੌਰਾਨ, ਜੇਐਸਐਸ ਆਸ਼ਾ ਕਿਰਨ ਸਕੂਲ ਦੇ ਵਿਦਿਆਰਥੀਆਂ ਨੇ ਐਥਲੈਟਿਕਸ ਵਿੱਚ 10 ਸੋਨ ਤਗਮੇ, 5 ਚਾਂਦੀ ਦੇ ਤਗਮੇ ਅਤੇ 9 ਬਾਊਂਸ ਤਗਮੇ ਜਿੱਤੇ। ਸੰਨੀ ਕੁਮਾਰ ਨੇ ਬੈਡਮਿੰਟਨ ਟੀਮ ਗੇਮ ਵਿੱਚ ਸੋਨ ਤਗਮਾ ਜਿੱਤਿਆ। ਸਕੂਲ ਦੀਆਂ ਵਿਦਿਆਰਥਣਾਂ ਆਰੂਸ਼ੀ ਅਤੇ ਮੀਨਾ ਨੇ ਵੀ ਚਾਂਦੀ ਦੇ ਤਗਮੇ ਜਿੱਤੇ। ਸਪੈਸ਼ਲ ਓਲੰਪਿਕਸ ਭਾਰਤ ਪੰਜਾਬ ਚੈਪਟਰ ਦੇ ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਨੇ ਦੱਸਿਆ ਕਿ ਇਸ ਰਾਜ-ਪੱਧਰੀ ਚੈਂਪੀਅਨਸ਼ਿਪ ਵਿੱਚ 23 ਜ਼ਿਲ੍ਹਿਆਂ ਨੇ ਹਿੱਸਾ ਲਿਆ, ਜਿਸਦਾ ਉਦਘਾਟਨ ਲਵਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਸ਼ਮੀ ਮਿੱਤਲ ਨੇ ਕੀਤਾ। 1,000 ਤੋਂ ਵੱਧ ਐਥਲੀਟਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ। ਪਰਮਜੀਤ ਸਚਦੇਵਾ ਨੇ ਅੱਗੇ ਕਿਹਾ ਕਿ ਇਸ ਸਪੈਸ਼ਲ ਓਲੰਪਿਕ ਵਿੱਚ ਵਿਸ਼ੇਸ਼ ਬੱਚਿਆਂ ਵੱਲੋਂ ਦਿਖਾਈ ਗਈ ਖੇਡ ਭਾਵਨਾ ਨੇ ਸਾਰਿਆਂ ਨੂੰ ਖੁਸ਼ ਕੀਤਾ ਹੈ, ਅਤੇ ਉਹ ਖੁਸ਼ ਹਨ ਕਿ ਵਿਸ਼ੇਸ਼ ਬੱਚੇ ਵੀ ਖੇਡਾਂ ਦੇ ਖੇਤਰ ਵਿੱਚ ਤਰੱਕੀ ਕਰ ਰਹੇ ਹਨ। ਇਸ ਮੌਕੇ ਸਪੈਸ਼ਲ ਓਲੰਪਿਕਸ ਦੇ ਸੂਬਾ ਪ੍ਰਧਾਨ ਅਸ਼ੋਕ ਅਰੋੜਾ, ਖੇਡ ਨਿਰਦੇਸ਼ਕ ਮਨਦੀਪ ਬਰਾੜ, ਅਨਿਲ ਗੋਇਲ, ਮਲਕੀਤ ਸਿੰਘ ਮਹੇੜੂ, ਪ੍ਰਧਾਨ ਹਰਬੰਸ ਸਿੰਘ, ਹਰਮੇਸ਼ ਤਲਵਾੜ, ਕੋਚ ਸੁਨੀਤਾ ਰਾਣੀ, ਦੀਆ ਦੂਬੇ, ਅੰਜਨਾ, ਅਜੀਤ, ਸੰਜੀਵ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ ਅਤੇ ਹੋਰ ਵੀ ਮੌਜੂਦ ਸਨ।



**ਫੋਟੋ ਅਜਮੇਰ ਦੀਵਾਨਾ**

# ਆਮ ਆਦਮੀ ਕਲੀਨਿਕ ਪਿੱਪਲਾਂਵਾਲਾ ਵਿੱਚ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ ਅਤੇ ਸਹਾਇਕ ਸਿਵਲ ਸਰਜਨ ਡਾ. ਅਜੈ ਬਸਰਾ ਵੱਲੋਂ ਆਮ ਆਦਮੀ ਕਲੀਨਿਕ ਪਿੱਪਲਾਂਵਾਲਾ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਆਮ ਆਦਮੀ ਕਲੀਨਿਕ ਦੇ ਮੈਡੀਕਲ ਅਫਸਰ ਡਾ. ਸੇਵਾ ਸਿੰਘ ਦੇ ਸਹਿਯੋਗ ਨਾਲ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਸੰਬੰਧੀ ਕੀਤੀ ਜਾ ਰਹੀ ਕਾਰਵਾਈ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਦੌਰੇ ਦੌਰਾਨ ਮਾਤਾ ਅਤੇ ਬੱਚਾ ਸਿਹਤ ਸੇਵਾਵਾਂ ਅਧੀਨ ਗਰਭਵਤੀ ਮਹਿਲਾਵਾਂ ਦੀ ਰਜਿਸਟ੍ਰੇਸ਼ਨ, ਨਿਯਮਤ ਏਐਨਸੀ ਚੈਕਅੱਪ, ਟੀਕਾਕਰਨ, ਸੁਰੱਖਿਅਤ ਡਿਲਿਵਰੀ, ਜਨਮ ਤੋਂ ਬਾਅਦ ਮਾਂ ਅਤੇ ਨਵਜਾਤ ਬੱਚੇ ਦੀ ਦੇਖਭਾਲ, ਬੱਚਿਆਂ ਦੇ ਟੀਕਾਕਰਨ ਅਤੇ ਪੋਸ਼ਣ ਸਬੰਧੀ ਸੇਵਾਵਾਂ ਦੀ ਸਮੀਖਿਆ ਕੀਤੀ ਗਈ। ਸਬੰਧਤ ਸਟਾਫ ਨੂੰ ਹਦਾਇਤ ਕੀਤੀ ਗਈ ਕਿ ਸਾਰੀਆਂ ਸੇਵਾਵਾਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਸਮੇਂ ਸਿਰ ਮੁਹੱਈਆ ਕਰਵਾਈਆਂ ਜਾਣ। ਇਸ ਤੋਂ ਇਲਾਵਾ ਗੈਰ-ਸੰਚਾਰੀ ਬਿਮਾਰੀਆਂ (ਛਧ) ਪ੍ਰੋਗਰਾਮ ਤਹਿਤ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ ਅਤੇ ਕੈਂਸਰ ਦੀ ਸਕ੍ਰੀਨਿੰਗ ਸਬੰਧੀ ਕੰਮਕਾਜ ਦੀ ਸਮੀਖਿਆ ਕੀਤੀ ਗਈ। ਆਉਣ ਵਾਲੇ ਮਰੀਜ਼ਾਂ ਦੀ ਨਿਯਮਤ ਜਾਂਚ, ਦਵਾਈਆਂ ਦੀ ਉਪਲਬਧਤਾ ਅਤੇ ਰੈਫਰਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ। ਪਰਿਵਾਰ ਭਲਾਈ ਪ੍ਰੋਗਰਾਮ ਅਧੀਨ ਪਰਿਵਾਰ ਨਿਯੋਜਨ ਸੇਵਾਵਾਂ, ਜਾਗਰੂਕਤਾ ਗਤੀਵਿਧੀਆਂ, ਅਸਥਾਈ ਅਤੇ ਸਥਾਈ ਪਰਿਵਾਰ ਨਿਯੋਜਨ ਢੰਗਾਂ ਦੀ ਉਪਲਬਧਤਾ ਅਤੇ ਲਾਭਪਾਤਰੀਆਂ ਤੱਕ ਸਹੀ ਜਾਣਕਾਰੀ ਪਹੁੰਚਾਉਣ ਸਬੰਧੀ ਕੰਮ ਦੀ ਵੀ ਸਮੀਖਿਆ ਕੀਤੀ ਗਈ। ਇਸ ਮੌਕੇ ਨਵੇਂ RCH-2 ਪੋਰਟਲ, ਜੋ ਕਿ ਅੱਜ ਤੋਂ ਲਾਗੂ ਕੀਤਾ ਗਿਆ ਹੈ, ਬਾਰੇ ਵੀ ਜਾਣਕਾਰੀ ਦਿੱਤੀ ਗਈ। ਸਬੰਧਤ ਸਟਾਫ ਨੂੰ ਨਵੇਂ ਪੋਰਟਲ 'ਤੇ ਮਾਤਾ ਅਤੇ ਬੱਚਾ ਸਿਹਤ ਸੇਵਾਵਾਂ ਨਾਲ ਜੁੜਿਆ ਸਾਰਾ ਡਾਟਾ ਸਹੀ ਅਤੇ ਸਮੇਂ ਸਿਰ ਅਪਲੋਡ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਸੇਵਾਵਾਂ ਦੀ ਨਿਗਰਾਨੀ ਅਤੇ ਗੁਣਵੱਤਾ ਵਿੱਚ ਹੋਰ ਸੁਧਾਰ ਲਿਆਂਦਾ ਜਾ ਸਕੇ। ਅਧਿਕਾਰੀਆਂ ਵੱਲੋਂ ਕਲੀਨਿਕ ਸਟਾਫ ਦੀ ਕਾਰਗੁਜ਼ਾਰੀ 'ਤੇ ਸੰਤੋਖ ਜ਼ਾਹਰ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਮਿਹਨਤ ਕਰਨ ਦੀ ਅਪੀਲ ਕੀਤੀ ਗਈ।



# ਭਾਜਪਾ ਸਰਕਾਰ ਵੱਲੋਂ ਲੋਕ ਸਭਾ ਚ ਲਿਆਂਦੇ ਜਾਣ ਵਾਲੇ ਮਨਰੇਗਾ ਵਿਰੋਧੀ ਬਿਲ ਦਾ ਕਾਂਗਰਸ ਵਿਰੋਧ ਕਰੇਗੀ : ਸਮਿਤ ਸਿੰਘ ਮਾਨ

**ਅਮਰਗੜ੍ਹ (ਕੁਲਵੰਤ ਸਿੰਘ ਮੁਹਾਲੀ)** ਲੋਕ ਸਭਾ ਵਿੱਚ ਭਾਜਪਾ ਸਰਕਾਰ 'ਮਨਰੇਗਾ ਸੋਧ ਬਿੱਲ' ਲੈ ਕੇ ਆ ਰਹੀ ਹੈ, ਜਿਸ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਾਂਗਰਸ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਹੋਈ ਮਨਰੇਗਾ ਸਕੀਮ ਵਿੱਚ ਵੱਡਾ ਬਦਲਾਅ ਕਰਨ ਜਾ ਰਹੀ ਹੈ ਜਿਵੇਂ ਕਿ ਮਨਰੇਗਾ ਸਕੀਮ ਤੋਂ ਮਹਾਤਮਾ ਗਾਂਧੀ ਜੀ ਦਾ ਨਾਮ ਹਟਾਉਣਾ ਤਾਂ ਸਮਝ ਆ ਰਿਹਾ ਹੈ, ਕਿਉਂਕਿ 2025 ਦਾ ਸੋਧ ਬਿੱਲ ਗਾਂਧੀ ਜੀ ਦੀ ਵਿਚਾਰਧਾਰਾ ਦੇ ਬਿਲਕੁਲ ਉਲਟ ਹੈ, ਕਿਉਂਕਿ ਗਾਂਧੀ ਜੀ ਹਮੇਸ਼ਾ ਸਭ ਤੋਂ ਗਰੀਬ ਵਰਗ ਦੀ ਪਹਿਲ ਦੇ ਆਧਾਰ 'ਤੇ ਮਦਦ ਕਰਨ ਲਈ ਪ੍ਰੇਰਿਤ ਕਰਦੇ ਰਹੇ ਜਦਕਿ ਮੌਜੂਦਾ ਕੇਂਦਰ ਸਰਕਾਰ ਸਿਰਫ ਸਭ ਤੋਂ ਅਮੀਰ ਵਰਗ ਲਈ ਕੰਮ ਕਰਨ ਲਈ ਵਚਨਬੱਧ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਹਲਕਾ ਇੰਚਾਰਜ ਅਮਰਗੜ੍ਹ, ਕਾਂਗਰਸ ਦੇ ਰਾਸ਼ਟਰੀ ਬੁਲਾਰੇ ਅਤੇ ਰਾਸ਼ਟਰੀ ਮੁਖੀ ਖੇੜਾਂ (ਭਾਰਤੀ ਰਾਸ਼ਟਰੀ ਕਾਂਗਰਸ) , ਪ੍ਰਿੰਸੀਪਲ ਸਲਾਹਕਾਰ ਚੇਅਰਪਰਸਨ, ਸੰਸਦੀ ਸਥਾਈ ਕਮੇਟੀ ਖੇਤੀਬਾੜੀ ਵੱਲੋਂ ਜਾਰੀ ਕੀਤੇ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਲੋਕ ਸਭਾ ਚ ਲਿਆਂਦੇ ਜਾ ਰਹੇ ਮਨਰੇਗਾ ਸੋਧ ਬਿਲ ਵਿੱਚ ਹੇਠ ਲਿਖੀਆਂ ਸੋਧਾਂ ਕਰਨ ਵਾਰੇ ਕਿਹਾ ਗਿਆ ਹੈ ਜਿਵੇਂ ਕਿ :

1. ਇਸ ਸੋਧ ਬਿਲ ਰਾਹੀਂ ਮਨਰੇਗਾ ਸਕੀਮ ਵਿੱਚ ਕੇਂਦਰ ਤੇ ਰਾਜ ਦਾ 60:40 ਦਾ ਅਨੁਪਾਤ ਕਰਨ ਨਾਲ ਪਹਿਲਾਂ ਹੀ ਭਾਰੀ ਕਰਜ਼ੇ ਵਿੱਚ ਡੁੱਬੇ ਰਾਜ, ਜਿਵੇਂ ਕਿ ਪੰਜਾਬ, ਕਦੇ ਵੀ ਆਪਣਾ ਹਿੱਸਾ ਨਹੀਂ ਦੇ ਸਕਣਗੇ, ਜਿਸ ਨਾਲ ਰੋਜ਼ਗਾਰ ਦੀ ਗਾਰੰਟੀ ਬਿਲਕੁਲ ਖਤਮ ਹੋ ਜਾਵੇਗੀ।

2. ਇਸ ਸੋਧ ਬਿੱਲ ਰਾਹੀਂ ਛੋਟੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਲਈ ਮਜ਼ਦੂਰੀ ਸਹਾਇਤਾ ਨੂੰ ਖਤਮ ਕੀਤਾ ਜਾ ਰਿਹਾ ਹੈ।

3. ਇਸ ਸੋਧ ਬਿਲ ਰਾਹੀਂ ਮਨਰੇਗਾ ਦਾ ਬਜਟ ਵਧਾਉਣ ਦੀ ਬਜਾਏ, 60:40 ਦਾ ਅਨੁਪਾਤ ਕਰਕੇ ਕੇਂਦਰ ਸਰਕਾਰ ਇਸ ਸਕੀਮ ਦਾ ਸਾਰਾ ਬਜਟ ਰੋਕ ਰਹੀ ਹੈ, ਕਿਉਂਕਿ ਜਦੋਂ ਰਾਜ ਆਪਣੇ ਹਿੱਸੇ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਹੋਣਗੇ ਤਾਂ ਕੇਂਦਰ ਨੂੰ ਆਪਣੇ ਹਿੱਸੇ ਦਾ ਭੁਗਤਾਨ ਨਹੀਂ ਕਰਨਾ ਪਵੇਗਾ।

ਅਸਲ ਚ ਕੇਂਦਰ ਦੀ ਭਾਜਪਾ ਸਰਕਾਰ ਇਸ ਬਿਲ ਨੂੰ ਹੌਲੀ ਹੌਲੀ ਖ਼ਤਮ ਹੀ ਕਰਨਾ ਚਾਹੁੰਦੀ ਹੈ, ਕਿਉਂਕਿ ਜੇਕਰ ਸਾਡਾ ਸੂਬਾ ਪੰਜਾਬ ਜੋ ਕਿ ਪਹਿਲਾਂ ਹੀ ਵੱਡੇ ਕਰਜ਼ੇ ਚ ਡੁੱਬਿਆ ਹੋਇਆ ਹੈ, ਪੰਜਾਬ ਸਰਕਾਰ ਕੇਂਦਰ ਦੇ ਨਵੇਂ ਕਾਨੂੰਨ ਮੁਤਾਬਿਕ, ਇਸ ਸਕੀਮ ਨੂੰ ਚਾਲੂ ਰੱਖਣ ਵਾਸਤੇ ਆਪਣਾ 40% ਹਿੱਸਾ ਪਾ ਹੀ ਨਹੀ ਸਕੇਗੀ, ਜਿਸ ਨਾਲ ਇਹ ਸਕੀਮ ਪੰਜਾਬ ਚ ਲਾਗੂ ਹੋਣੋਂ ਰਹਿ ਜਾਵੇਗੀ ਜਿਸ ਦੇ ਨਤੀਜੇ ਵਜੋਂ ਕਰੋੜਾਂ ਦੀ ਗਿਣਤੀ ਚ ਪੰਜਾਬ ਦੇ ਮਨਰੇਗਾ ਮਜ਼ਦੂਰਾਂ ਨੂੰ ਰੋਜ਼ਗਾਰ ਹੀ ਨਹੀ ਮਿਲ ਸਕੇਗਾ, ਉਹ ਵਿਹਲੇ ਹੋ ਜਾਣਗੇ, ਜਿਸ ਨਾਲ ਗਰੀਬ ਲੋਕੀਂ ਹੋਰ ਗਰੀਬ ਹੋ ਜਾਣਗੇ। ਕਾਂਗਰਸ ਦੇ ਰਾਸ਼ਟਰੀ ਬੁਲਾਰੇ ਸਮਿਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਇਹ ਬਿਲ ਤੁਰੰਤ ਰੋਕਣਾ ਚਾਹੀਦਾ ਹੈ ਨਹੀਂ ਤਾਂ ਕਾਂਗਰਸ ਪਾਰਟੀ ਇਸ ਮੁੱਦੇ ਨੂੰ ਲੈਕੇ ਪੂਰੇ ਪੰਜਾਬ ਅਤੇ ਹੋਰਨਾਂ ਸੂਬਿਆਂ ਅੰਦਰ ਆਮ ਪਬਲਿਕ ਦੇ ਸਹਿਯੋਗ ਨਾਲ ਇਸ ਬਿਲ ਦੇ ਵਿਰੋਧ ਵਿੱਚ ਪ੍ਰਦਸ਼ਨ ਕਰੇਗੀ ਅਤੇ ਭਾਜਪਾ ਨੂੰ ਇਸ ਬਿਲ ਨੂੰ ਵਾਪਿਸ ਲੈਣ ਲਈ ਮਜਬੂਰ ਕਰੇਗੀ।



# ਕਿਸਾਨ,ਮਜ਼ਦੂਰ ਅਤੇ ਮੁਲਾਜ਼ਮ ਜਥਬੰਦੀਆਂ ਵਲੋਂ ਟਰੈਕਟਰ - ਮੋਟਰਸਾਈਕਲ ਮਾਰਚ ਕਰਨ ਦਾ ਐਲਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ ਜਥਬੰਦੀਆਂ ਅਤੇ ਮੁਲਾਜ਼ਮ ਜਥਬੰਦੀਆਂ ਨੇ ਸਥਾਨਕ ਸ਼ਹੀਦ ਮਲਕੀਤ ਚੰਦ ਮਹਲੀ ਭਵਨ ਵਿਖੇ ਮੀਟਿੰਗ ਕਰਕੇ ਬਿਜਲੀ ਸੋਧ ਬਿੱਲ 2025, ਖੇਤੀ ਬੀਜ ਬਿੱਲ 2025,ਚਾਰ ਲੇਬਰ ਕੋਡਜ਼ ਅਤੇ ਨਿੱਜੀਕਰਨ ਦੇ ਵਿਰੁੱਧ ਜਿਲੇ ਵਿਚ ਟਰੈਕਟਰ-ਮੋਟਰ ਸਾਇਕਲ ਮਾਰਚ ਕਰਨ ਅਤੇ ਟੋਲ ਪਲਾਜ਼ੇ ਟੋਲ ਫ੍ਰੀ ਕਰਨ ਦਾ ਫ਼ੈਸਲਾ ਕੀਤਾ ਹੈ।ਇਸ ਮੀਟਿੰਗ ਵਿੱਚ ਦੋ ਦਰਜਨ ਦੇ ਕਰੀਬ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਚਰਨਜੀਤ ਸਿੰਘ ਦੌਲਤ ਪੁਰ, ਜਮਹੂਰੀ ਕਿਸਾਨ ਸਭਾ ਦੇ ਆਗੂ ਸਤਨਾਮ ਸਿੰਘ ਗੁਲਾਟੀ, ਸਤਨਾਮ ਸਿੰਘ ਸੁੱਜੋਂ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਜਸਵਿੰਦਰ ਸਿੰਘ ਭੰਗਲ, ਕੌਮੀ ਕਿਸਾਨ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ( ਰਾਜੇਵਾਲ) ਦੇ ਆਗੂ ਕੁਲਵਿੰਦਰ ਸਿੰਘ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਅਵਤਾਰ ਸਿੰਘ ਤਾਰੀ,ਗੁਰਦਿਆਲ ਸਿੰਘ ਰੱਕੜ ਪੈਨਸ਼ਨਰਜ਼ ਯੂਨੀਅਨ ਪੰਜਾਬ ਰੋਡਵੇਜ਼ ਦੇ ਆਗੂ ਗੁਰਮੇਲ ਚੰਦ,ਪੈਨਸ਼ਨਰਜ਼ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਦੌੜਕਾ, ਅਸ਼ਵਨੀ ਕੁਮਾਰ,ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਦੇ ਸੂਬਾ ਸਕੱਤਰ ਜਸਵਿੰਦਰ ਸਿੰਘ,ਪਾਵਰਕਾਮ ਪੈਨਸ਼ਨਰ ਫੈਡਰੇਸ਼ਨ ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ, ਟਟੀ ਐਸ ਯੂ ਦੇ ਡਵੀਜ਼ਨ ਪ੍ਰਧਾਨ ਹਰਭਜਨ ਸਿੰਘ ਪੈਨਸ਼ਨਰਜ਼ ਫੈਡਰੇਸ਼ਨ ਦੇ ਆਗੂ ਵਿਜੇ ਕੁਮਾਰ, ਟੀ ਐਸ ਯੂ (ਭੰਗਲ) ਦੇ ਆਗੂ ਨੰਦ ਲਾਲ, ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਹਰਪ੍ਰੀਤ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਮੂਦ ਪੁਰ, ਡੀ ਟੀ ਐੱਫ ਦੇ ਆਗੂ ਸਤਨਾਮ ਸਿੰਘ, ਡੈਮੋਕ੍ਰੇਟਿਕ ਆਸ਼ਾ ਵਰਕਰ ਯੂਨੀਅਨ ਦੇ ਆਗੂ ਸ਼ਕੁੰਤਲਾ ਸਰੋਏ, ਇਸਤਰੀ ਜਾਗਰਤੀ ਮੰਚ ਦੇ ਜਿਲਾ ਸਕੱਤਰ ਰੁਪਿੰਦਰ ਕੌਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਨਿਰੰਜਣ ਦਾਸ, ਪੇਂਡੂ ਮਜ਼ਦੂਰ ਯੂਨੀਅਨ ਦੇ ਕਮਲਜੀਤ ਸਾਨਾਵਾ, ਸੀਟੂ ਦੇ ਆਗੂ ਸੁਖਦੇਵ ਸਿੰਘ,ਪੀ ਐੱਸ ਯੂ ਦੇ ਆਗੂ ਬਲਜੀਤ ਸਿੰਘ ਧਰਮਕੋਟ ਸ਼ਾਮਲ ਹੋਏ।ਇਸ ਮੌਕੇ ਸੰਬੋਧਨ



ਕਰਦਿਆਂ ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ ਅਤੇ ਖੇਤੀਬਾੜੀ ਸੀਡ ਸੋਧ ਬਿੱਲ ਦੋਵੇਂ ਬਿੱਲ ਕੇਂਦਰ ਸਰਕਾਰ ਤੁਰੰਤ ਰੱਦ ਕਰੇ ਲ ਬਿਜਲੀ ਅਤੇ ਖੇਤੀਬਾੜੀ ਸੂਬੇ ਦੇ ਵਿਸ਼ੇ ਹਨ ਅਤੇ ਸੂਬਾ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਲ ਇਹ ਦੋਵੇਂ ਬਿੱਲ ਸੂਬੇ ਦੇ ਅਧਿਕਾਰਾਂ ਤੇ ਡਾਕਾ ਹਨ ਲ ਕੇਂਦਰ ਦੀ ਸਰਕਾਰ ਦੇਸ਼ ਦੇ ਸੰਘੀ ਢਾਂਚੇ ਨੂੰ ਲਗਾਤਾਰ ਖੋਰਾ ਲਾ ਰਹੀ ਹੈ ਲ ਬਿਜਲੀ ਬਿੱਲ ਦੇ ਕਨੂੰਨ ਬਣਨ ਨਾਲ਼ ਬਿਜਲੀ ਪੂਰੀ ਤਰ੍ਹਾਂ ਪ੍ਰਾਈਵੇਟ ਹੋ ਜਾਵੇਗੀ, ਇਸੇ ਕਰਕੇ ਪੂਰੇ ਦੇਸ਼ ਵਿਚ ਸਮਾਰਟ ਮੀਟਰ ਲਾਉਣ ਦਾ ਅਮਲ ਜਾਰੀ ਹੈ ਲ ਬਿਜਲੀ ਵੰਡ ਖੇਤਰ ਜਿਹੜਾ ਸਰਕਾਰੀ ਅਧਿਕਾਰ ਹੇਠ ਹੈ , ਪ੍ਰਾਈਵੇਟ ਹੱਥਾਂ ਵਿਚ ਚਲਾ ਜਾਵੇਗਾ । ਜਿਵੇਂ ਮੋਬਾਈਲ ਚਾਰਜ ਕਰਵਾਉਣ ਲਈ ਪੈਸੇ ਪਵਾਉਣੇ ਪੈਂਦੇ ਹਨ ਇਸੇ ਤਰ੍ਹਾਂ ਬਿਜਲੀ ਲੈਣ ਲਈ ਪੈਸੇ ਪਵਾਉਣੇ ਪੈਣਗੇ ਲ ਪੈਸੇ ਖ਼ਤਮ, ਬਿਜਲੀ ਖ਼ਤਮ । ਬਿਜਲੀ ਦਾ ਕੇਂਦਰੀਕਰਨ ਹੋਵੇਗਾ, ਸਬਸਿਡੀਆਂ ਖ਼ਤਮ ਹੋਣਗੀਆਂ ਅਤੇ ਖਪਤਕਾਰ ਪ੍ਰਾਈਵੇਟ ਬਿਜਲੀ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋਵ-ੇਗਾ ਲ ਸਰਕਾਰੀ ਭਰਤੀਆਂ ਖ਼ਤਮ ਹੋ ਜਾਣਗੀਆਂ ਅਤੇ ਮੁਲਾਜ਼ਮਾਂ ਦੀ ਗਿਣਤੀ ਸੀਮਤ ਜੋ ਜਾਵੇਗੀ ਲ ਇਸੇ ਤਰ੍ਹਾਂ ਬੀਜ ਬਿੱਲ ਦੇ ਕਨੂੰਨ ਬਣਨ ਨਾਲ਼ ਕਿਸਾਨ ਅਪਣਾ ਬੀਜ ਬਿਨ੍ਹਾਂ ਰਜਿਸਟ੍ਰੇਸ਼ਨ ਨਹੀਂ ਵਰਤ ਸਕਣਗੇ । ਦੇਸੀ ਬਦੇਸ਼ੀ ਪ੍ਰਾਈਵੇਟ ਕੰਪਨੀਆਂ ਆਪਣੇ ਬੀਜ ਮਨਚਾਹੇ ਰੇਟਾਂ ਤੇ ਵੇਚਣਗੀਆਂ । ਖੋਜ ਕਰਨ ਵਾਲੀਆਂ ਖੇਤੀਬਾੜੀ ਯੂਨੀਵਰਸਿਟੀਆਂ ਬੰਦ ਹੋ ਜਾਣਗੀਆਂ ਅਤੇ ਸਿੰਜੇਂਟਾ, ਬਾਇਰ, ਕੋਰਟੇਵਾ ਐਗਰੀਸਾਇੰਸ ਵਰਗੀਆਂ ਬਦੇਸ਼ੀ ਕੰਪਨੀਆਂ ਦੇ ਬੀਜ ਮੰਡੀ ਵਿਚ ਵਿਕਣਗੇ ਲ ਕੇਂਦਰ ਦੀ ਸਰਕਾਰ ਇਨ੍ਹਾਂ ਕਨੂੰਨਾਂ ਨਾਲ਼ ਖੇਤੀ ਕਾਰਪੋਰੇਟਾਂ ਹਵਾਲੇ ਕਰਨ ਜਾ ਰਹੀ ਹੈ ਇਸਦਾ ਡੱਟਵਾਂ ਵਿਰੋਧ ਕੀਤਾ ਜਾਵੇਗਾਲ ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਵੀ ਮੂਕ ਦਰਸ਼ਕ ਬਣੀ ਹੋਈ ਹੈ ਲ ਇਹ ਵਿਧਾਨ ਸਭਾ ਵਿਚ ਇਨ੍ਹਾਂ ਨੂੰ ਮਨਜ਼ੂਰੀ ਨਾ ਦੇਵੇ ਲ ਕੇਂਦਰ ਸਰਕਾਰ ਨੇ ਜੇਕਰ ਦੋਵੇਂ ਬਿੱਲ ਵਾਪਿਸ ਨਾ ਲਏ ਤਾਂ ਪੂਰੇ ਦੇਸ਼ ਵਿਚ ਸਰਕਾਰ ਖਿਲਾਫ਼ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ ਤੇ ਸਰਕਾਰ ਤਿੱਖੇ ਵਿਰੋਧ ਦਾ ਸਾਹ-ਮਣਾ ਕਰਨ ਲਈ ਤਿਆਰ ਰਹੇ ਲ ਮੋਦੀ ਸਰਕਾਰ ਵਲੋਂ ਲਾਗੂ ਕਿਤੇ ਗਏ ਚਾਰ ਲੇਬਰ ਕੋਡ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹਨ। ਇਸ ਨਾਲ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਅਧਿਕਾਰ ਖ਼ਤਮ ਹੋ ਜਾਵੇਗਾ,ਪੱਕੀਆਂ ਨੌਕਰੀਆਂ ਖ਼ਤਮ ਹੋ ਜਾਣਗੀਆਂ। ਮੀਟਿੰਗ ਵਿੱਚ 29 ਦਸੰਬਰ ਨੂੰ ਇਲਾਕਾ ਨਵਾਂਸ਼ਹਿਰ ਵਿਚ, 30 ਦਸੰਬਰ ਨੂੰ ਇਲਾਕਾ ਔੜ ਵਿਚ, 1 ਜਨਵਰੀ ਨੂੰ ਇਲਾਕਾ ਬਲਾਚੌਰ ਅਤੇ 3 ਜਨਵਰੀ ਨੂੰ ਇਲਾਕਾ ਬੰਗਾ ਵਿਚ ਟਰੈਕਟਰ - ਮੋਟਰਸਾਈਕਲ ਮਾਰਚ ਕੀਤੇ ਜਾਣਗੇ। 16 ਜਨਵਰੀ ਨੂੰ ਪਾਵਰਕਾਮ ਦੇ ਸਰਕਲ ਨਵਾਂਸ਼ਹਿਰ ਦਫ਼ਤਰ ਅੱਗੇ ਵੱਡੀ ਗਿਣਤੀ ਵਿਚ ਧਰਨਾ ਦਿੱਤਾ ਜਾਵੇਗਾ ਜਿਸਦੀ ਤਿਆਰੀ ਲਈ ਜਗੋਆਂ ਕੱਢੀਆਂ ਜਾਣਗੀਆਂ। ਜਿਸ ਦਿਨ ਮੋਦੀ ਸਰਕਾਰ ਉਕਤ ਸੋਧ ਬਿੱਲ ਸੰਸਦ ਵਿਚ ਪੇਸ਼ ਕਰੇਗੀ ਉਸਤੋਂ ਅਗਲੇ ਦਿਨ ਬਹਿਰਾਮ ਅਤੇ ਬਸ਼ੂਆਂ ਟੋਲ ਪਲਾਜੇ ਦੁਪਹਿਰ 12 ਵਜੇ ਤੋਂ ਤਿੰਨ ਵਜੇ ਤੱਕ ਫ੍ਰੀ ਕੀਤੇ ਜਾਣਗੇ। ਇਸ ਮੌਕੇ ਜਸਬੀਰ ਦੀਪ, ਵਿਜੇ ਕੁਮਾਰ, ਰਾਮ ਆਸਰਾ ਅਤੇ ਕੁਲਦੀਪ ਸਿੰਘ ਦੌੜਕਾ ਦੀ ਚਾਰ ਮੈਂਬਰੀ ਮੀਡੀਆ ਕਮੇਟੀ ਵੀ ਬਣਾਈ ਗਈ।

# ਮੋਬਾਈਲ ਤੋਂ ਦੂਰ ਰਹਿਣ ਵਾਲੇ ਬੱਚੇ ਹੀ ਪੜ੍ਹਾਈ ਦੀ ਮੰਜਿਲ ਨੂੰ ਸਰ ਕਰ ਸਕਦੇ ਹਨ : ਐਮ ਡੀ ਧਰਮ ਪਾਲ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਬੱਚੇ ਮੋਬਾਇਲ ਫੋਨਾਂ ਦੀ ਵੱਡੀ ਪੱਧਰ ਤੇ ਵਰਤੋਂ ਕਰ ਰਹੇ ਹਨ, ਜਿਸ ਕਾਰਨ ਉਹਨਾਂ ਦੇ ਦਿਮਾਗ, ਨਿਗਾਹ ਅਤੇ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਪੈ ਰਿਹਾ ਹੈ ! ਇਹਨਾਂ ਗੱਲਾ ਦਾ ਪ੍ਰਗਟਾਵਾ "ਦਾ ਸਨ ਡੇ ਬੋਰਡਿੰਗ ਪਬਲਿਕ ਸਕੂਲ" ਸ਼ਾਮ ਚੁਰਾਸੀ ਦੇ ਐਮ ਡੀ ਧਰਮ ਪਾਲ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਛੋਟੇ ਬੱਚੇ ਜਿੱਦ ਕਰਕੇ ਆਪਣੇ ਮਾਪਿਆਂ ਤੋਂ ਮੋਬ-ਾਇਲ ਫੋਨ ਤਾ ਲੈ ਲੈਂਦੇ ਹਨ ਅਤੇ ਕਾਰਟੂਨ,ਗੇਮਾਂ ਵਗੈਰਾ ਵੇਖਣ ਦੀ ਬਜਾਏ ਇੰਟਰਨੈਟ



ਦੀ ਸਹੂਲਤ ਨਾਲ ਕੀ ਕੁਝ ਵੇਖਦੇ ਰਹਿੰਦੇ ਹਨ, ਜਿਸ ਕਾਰਨ ਬੱਚੇ ਛੋਟੀ ਉਮਰ ਵਿੱਚ ਹੀ ਗਲਤ ਰਸਤੇ ਪੈ ਜਾਦੇ ਹਨ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਦਾ ਜਿੱਥੇ ਸਾਨੂੰ ਬਹੁਤ ਵੱਡਾ ਫਾਇਦਾ ਹੈ ਉੱਥੇ ਬਹੁਤ ਵੱਡੇ ਪੱਧਰ ਤੇ ਨੁਕ-ਸਾਨ ਵੀ ਹੁੰਦਾ ਹੈ! ਉਹਨਾਂ ਕਿਹਾ ਸਾਡੇ "ਸਨ ਡੇ ਬੋਰਡਿੰਗ ਪਬਲਿਕ ਸਕੂਲ" ਦੇ ਸਾਰੇ ਅਧਿਆਪਕ ਸਕੂਲ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆ ਨੂੰ ਮੋਬਾਈਲ ਤੋ ਦੂਰ ਰਹਿਣ ਲਈ ਹਮੇਸ਼ਾ ਪ੍ਰੇਰਦੇ ਰਹਿੰਦੇ ਹਨ ! ਉਹਨਾਂ ਕਿਹਾ ਕਿ ਪੜ੍ਹਾਈ ਕਰਦੇ ਬੱਚਿਆਂ ਨੂੰ ਘਰ ਜਾਕੇ ਵੀ ਮੋਬਾਇਲ ਫੋਨ ਤੋਂ ਦੂਰ ਰਹਿਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਮੋਬਾਈਲ ਤੋ ਦੂਰ ਰਹਿਣ ਵਾਲੇ ਬੱਚੇ ਹੀ ਪੜ੍ਹਾਈ ਦੀ ਮੰਜਿਲ ਨੂੰ ਸਰ ਕਰ ਸਕਦੇ ਹਨ ਉਹਨਾਂ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਤੇ ਮੋਬਾਈਲ ਵਰਤਣ ਤੇ ਸਖਤੀ ਨਾਲ ਪਬੰਦੀ ਲਾਈ ਜਾਵੇ !

# ਚੋਣ ਕਮਿਸ਼ਨ ਦੇ ਗੈਰ-ਮਿਆਰੀ ਪ੍ਰਬੰਧਾਂ ਦਾ ਸ਼ਿਕਾਰ ਹੋਏ ਹਜ਼ਾਰਾਂ ਅਧਿਆਪਕ ਅਤੇ ਕਰਮਚਾਰੀ- ਡੀ ਟੀ ਐੱਫ

## ਅਧਿਆਪਕ ਜੋੜੇ ਦੀ ਮੌਤ ਤੇ ਡੀ ਟੀ ਐੱਫ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ, (ਕੌੜਾ)-** ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਚੋਣ ਡਿਊਟੀ 'ਤੇ ਜਾ ਰਹੇ ਮੋਗਾ ਜ਼ਿਲ੍ਹੇ ਦੇ ਪਿੰਡ ਸੰਗਤਪੁਰਾ ਕੋਲ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਵਾਸੀ ਧੂੜਕੋਟ ਰਣਸਿੰਘ ਅਤੇ ਉਨਾਂ ਦੀ ਪਤਨੀ ਦੀ ਸੰਘਣੀ ਧੁੰਦ ਕਾਰਨ ਕਾਰ ਸੂਏ ਦੇ ਪਾਣੀ 'ਚ ਡਿੱਗਣ ਕਾਰਨ ਮੌਕੇ 'ਤੇ ਬੇ-ਵਕਤੀ ਮੌਤ ਡੈਮੋਕਰੇਟਿਕ ਟੀਚਰ ਫਰੰਟ ਕਪੂਰਥਲਾ ਵੱਲੋਂ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਹਾਦਸੇ ਪਹਿਲੀ ਵਾਰ ਨਹੀਂ ਹੋਏ ਹਰ ਵਾਰ ਚੋਣਾਂ 'ਚ ਕੋਈ ਨਾ ਕੋਈ ਮੰਦਭਾਗੀ ਘਟਨਾ ਵਾਪਰਦੀ ਰਹੀ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਚੋਣ ਕਮਿਸ਼ਨ ਅਤੇ ਮੌਕੇ ਦੀਆਂ ਸਰਕਾਰਾਂ ਇਸ ਉੱਪਰ ਕੋਈ ਸੰਜੀਦਗੀ ਨਹੀਂ ਦਿਖਾਉਂਦੀਆਂ। ਚੋਣਾਂ ਦੌਰਾਨ ਲੱਗੇ ਚੋਣ ਅਮਲੇ ਨੂੰ ਬਹੁਤ ਵੱਡੇ ਪੱਧਰ ਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਚੋਣ



ਕਮਿਸ਼ਨ ਵੱਲੋਂ ਵੱਡੇ ਪੱਧਰ ਤੇ ਅਧਿਆਪਕਾਂ ਦੀਆਂ ਦੂਰ-ਦੁਰਾਡੇ ਖੇਤਰਾਂ 'ਚ ਚੋਣ ਡਿਊਟੀਆਂ ਲਗਾ ਕੇ ਸਕੂਲਾਂ ਨੂੰ ਖਾਲੀ ਕਰ ਦਿੱਤਾ ਜਾਂਦਾ ਹੈ। ਜਿਸ ਕਰਕੇ ਬੱਚਿਆਂ ਦੀ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਚੋਣਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਘਾਟ ਅਜਿਹੇ ਹਾਦਸਿਆਂ ਦਾ ਕਾਰਨ ਬਣਦੇ ਹਨ ਡੈਮੋਕਰੇਟਿਕ ਟੀਚਰ ਫਰੰਟ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਅੱਲੂਵਾਲ, ਜਨਰਲ ਸਕੱਤਰ ਤੇਜਿੰਦਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਜੈਮਲ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਡੀ.ਟੀ.ਐੱਫ. ਜਥੇਬੰਦੀ ਵੱਲੋਂ ਚੋਣਾਂ ਦੌਰਾਨ ਲੱਗੀਆਂ ਡਿਊਟੀਆਂ ਬਾਰੇ ਮੰਗ ਪੱਤਰ ਦੇ ਕੇ ਪਹਿਲਾਂ ਹੀ ਮੰਗ ਕੀਤੀ ਸੀ ਕਿ ਸਕੂਲਾਂ 'ਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਅਤੇ ਅਧਿਆਪਕਾਂ ਦੀ ਡਿਊਟੀ ਬਾਕੀ ਵਿਭਾਗਾਂ ਦੇ ਮੁਲਾਜ਼ਮਾਂ ਦੇ ਅਨੁਪਾਤਕ ਹੀ ਲਗਾਈ ਜਾਵੇ। ਸਾਰਾ ਸਾਲ ਚੱਲਣ ਵਾਲਾ ਕੰਮ ਹੋਣ ਕਰਕੇ ਬੀ.ਐਲ.ਓਜ਼. ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਥੇਬੰਦੀਆਂ ਦੀ ਹੰਗਾਮੀ ਮੀਟਿੰਗ

## ਬਿਜਲੀ ਬਿੱਲ, ਬੀਜ ਬਿਲ, ਨਿਜੀਕਰਨ, ਲੇਬਰ ਕੋਡ, ਸਰਕਾਰੀ ਅਤੇ ਜੰਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਨੂੰ ਲੈ ਕੇ ਤਿਖੇ ਸੰਘਰਸ਼ ਦੀ ਚਿਤਾਵਨੀ

**ਜਲੰਧਰ (ਹਰਜਿੰਦਰ ਸਿੰਘ ਚੰਦੀ)–** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ 2 ਦਰਜਨ ਤੋਂ ਵੱਧ ਵੱਖ- ਵੱਖ ਮਜ਼ਦੂਰ,ਮੁਲਾਜ਼ਮ,ਠੇਕਾ ਕਰਮੀ,ਵਿਦਿਆਰਥੀ ਅਤੇ ਔਰਤਾਂ ਦੀਆਂ ਜੱਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਮੀਟਿੰਗ ਵਿੱਚ ਸ਼ਮੂਲੀਅਤ ਕਰਕੇ ਬਿਜਲੀ ਬਿੱਲ 2025 ਤੇ ਬੀਜ ਬਿੱਲ 2025 ਨੂੰ ਵਾਪਸ ਲੈਣ, ਜਨਤਕ ਖੇਤਰ ਦੇ ਨਿੱਜੀਕਰਨ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜਮੀਨਾਂ ਵੇਚਣ ਵਿਰੁੱਧ ਅਤੇ ਚਾਰ ਲੇਬਰ ਕੋਡ ਰੱਦ ਕਰਵਾਉਣ ਲਈ ਇੱਕ ਵੱਡੀ ਜਨਤਕ ਲਾਮਬੰਦੀ ਕਰਦੇ ਹੋਏ ਸੰਘਰਸ਼ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਮੀਟਿੰਗ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਸੰਸਦ 'ਚ ਪੇਸ਼ ਕਰਨ ਤੋਂ ਅਗਲੇ ਦਿਨ ਸੂਬੇ ਭਰ ਵਿੱਚ ਕਾਲਾ ਦਿਨ ਮਨਾਇਆ ਜਾਵੇਗਾ। ਉਸ ਦਿਨ ਸੂਬੇ ਭਰ ਚ 12 ਤੋਂ 3 ਵਜੇ ਤੱਕ ਤਿੰਨ ਘੰਟਿਆਂ ਲਈ ਰੇਲਾਂ ਦਾ ਚੱਕਾ ਜਾਮ ਕਰਨ ਦੇ ਨਾਲ ਨਾਲ ਟੋਲ ਪਲਾਜੇ ਫਰੀ ਕੀਤੇ ਜਾਣਗੇ। ਬਿਜਲੀ ਮੁਲਾਜ਼ਮ ਤੇ ਅਧਿਆਪਕ ਜਥੇਬੰਦੀਆਂ ਸਮੇਤ ਕਈ ਮੁਲਾਜ਼ਮ ਜਥੇਬੰਦੀਆਂ ਕਾਲੇ ਬਿੱਲੇ ਲਗਾ ਕੇ ਤੇ ਕਾਲੇ ਕੱਪੜੇ ਪਾ ਕੇ ਗੇਟ ਰੈਲੀਆਂ ਕਰਨਗੀਆਂ। ਇਸ ਮੀਟਿੰਗ ਦੌਰਾਨ ਸੰਤੋਖ ਸਿੰਘ ਸੰਧੂ, ਦਰਸ਼ਨ ਨਾਹਰ, ਤੀਰਥ ਸਿੰਘ ਬਾਸੀ,ਜਸਵੀਰ ਕੌਰ ਜੱਸੀ ਅਤੇ ਪ੍ਰੇਮ ਲਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੰਜਾਬ ਦੀਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮਜ਼ਦੂਰ ਮੋਰਚਾ, ਬਿਜਲੀ ਮਹਿਕਮੇ ਤੋਂ ਜੁਆਇੰਟ ਫੋਰਮ, ਬਿਜਲੀ ਏਕਤਾ ਮੰਚ, ਟੈਕਨੀਕਲ ਸਰਵਿਸ ਯੂਨੀਅਨ ਦੇ ਭੰਗਲ ਅਤੇ ਖੰਨਾ ਗਰੁੱਪ, ਜੂਨੀਅਰ ਇੰਜੀਨੀਅਰ ਅਤੇ ਇੰਜੀਨੀਅਰ ਐਸੋਸੀਏਸ਼ਨਾਂ,



ਸੀਟੀਯੂ, ਮੁਲਾਜ਼ਮ ਜਥੇਬੰਦੀਆਂ, ਆਂਗਣਵਾੜੀ ਵਰਕਰਜ਼ ਯੂਨੀਅਨ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਪੰਜਾਬ ਸਟੂਡੈਂਟਸ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਪੀ ਐੱਸ ਐੱਫ ਆਦਿ ਨੇ ਸ਼ਮੂਲੀਅਤ ਕੀਤੀ।ਮੀਟਿੰਗ ਨੇ ਕੇਂਦਰ ਸਰਕਾਰ ਵੱਲੋਂ ਬਿਜਲੀ ਨੂੰ ਜਨਤਕ ਸੇਵਾ ਦੀ ਥਾਂ ਮੰਡੀ ਦੀ ਵਸਤੂ ਬਣਾਉਣ ਦੇ ਇਰਾਦੇ ਨਾਲ ਲਿਆਂਦੇ ਜਾ ਰਹੇ ਬਿਜਲੀ ਬਿੱਲ 2025 ਨੂੰ ਆਮ ਲੋਕਾਂ ਵਿਰੁੱਧ ਮੋਦੀ ਸਰਕਾਰ ਵੱਲੋਂ ਵਿੱਢੇ ਕਾਰਪੋਰੇਟ ਪੱਖੀ ਹਮਲੇ ਦੀ ਅਗਲੀ ਕੜੀ ਵਜੋਂ ਸਮਝਦਿਆਂ ਇਸ ਨੂੰ ਵਾਪਸ ਕਰਵਾਉਣ ਲਈ ਜਨਤਕ ਲਾਮਬੰਦੀ ਕਰਕੇ ਘਰ ਘਰ ਸੰਘਰਸ਼ ਦਾ ਸੁਨੇ-ਹਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ। ਜਿਸ ਤਹਿਤ ਦੋ ਵਰਕੀ ਵੰਡਣ ਤੋਂ ਇਲਾਵਾ 28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾਂ ਕਸਬਿਆਂ ਅਤੇ ਸ਼ਹਿਰਾਂ ਚ ਮੋਟਰਸਾਈਕਲ ਮਾਰਚ, ਝੰਡਾ ਤੇ ਢੋਲ ਮਾਰਚ ਜਾਗੋ, ਰੈਲੀਆਂ ਅਤੇ ਮੁਜ਼ਾਹਰੇ ਕਰਕੇ ਜਨਤਕ ਮੁਹਿੰਮ ਭਖਾਉਣ ਦਾ ਸੱਦਾ ਦੇਣ ਦੇ ਨਾਲ ਨਾਲ 16 ਜਨਵਰੀ ਨੂੰ ਬਿਜਲੀ ਵਿਭਾਗ ਦੇ ਐਸ.ਈ. ਦਫਤਰਾਂ ਉੱਪਰ ਇੱਕ ਦਿਨ ਦੇ ਵਿਸ਼ਾਲ ਧਰਨੇ ਦੇਣ ਦਾ ਐਲਾਨ ਵੀ ਕੀਤਾ ਹੈ। ਮੀਟਿੰਗ ਵਿੱਚ ਚਾਰ ਲੇਬਰ ਕੋਡ ਰੱਦ ਕਰਨ, ਸਰਕਾਰੀ ਅਤੇ ਜਨਤਕ ਅਦਾਰਿਆਂ ਦੀਆਂ ਜਮੀਨਾਂ ਵੇਚਣ ਵਿਰੁੱਧ ਵੀ ਆਵਾਜ਼ ਚੁੱਕਣ ਦਾ ਫੈਸਲਾ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ ਅਤੇ ਬੀਜ ਬਿਲ 2025 ਵਿਰੁੱਧ ਧਾਰੀ ਚੁੱਪ ਨੂੰ ਆੜੇ ਹੱਥੀਂ ਲੈਂਦਿਆਂ ਮੀਟਿੰਗ ਨੇ ਪੰਜਾਬ ਸਰਕਾਰ ਦੀ ਚੁੱਪ ਨੂੰ ਕੇਂਦਰ ਸਰਕਾਰ ਦੇ ਕਾਰਪੋਰੇਟ ਪੱਖੀ ਲੋਕ ਵਿਰੋਧੀ ਕਦਮਾਂ ਦੀ ਪੈੜ ਚ ਪੈਰ ਧਰਨ ਦੇ ਸਮਾਨ ਕਦਮ ਕਰਾਰ ਦਿੱਤਾ। ਮੀਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਤਰਸੇਮ ਪੀਟਰ, ਮੋਹਨ ਸਿੰਘ ਬੱਲ, ਮਨੋਹਰ ਸਿੰਘ ਗਿੱਲ, ਜਸਵੰਤ ਸਿੰਘ,ਹਰਮੇਸ਼ ਮਾਲੜੀ, ਪਰਮਜੀਤ ਰੰਧਾਵਾ, ਚਰਨਜੀਤ ਸਿੰਘ, ਗੁਰਦੇਵ ਸਿੰਘ,ਸੰਜੀਵ ਕੁਮਾਰ,ਕਸ਼ਮੀਰ ਸਿੰਘ ਘੁੱਗਸ਼ੋਰ, ਹਰੀ ਮੁਨੀ ਸਿੰਘ, ਚਤਰ-ਪਾਲ ਸਿੰਘ,ਬਲਵਿੰਦਰ ਕੌਰ, ਸ਼ੀਲਾ ਰਾਣੀ, ਵੀਰ ਕੁਮਾਰ,ਜਸਵਿੰਦਰ ਸਿੰਘ ਢੇਸੀ, ਮਨਜਿੰਦਰ ਸਿੰਘ ਢੇਸੀ,ਹੰਸ ਰਾਜ ਪੱਬਵਾਂ, ਗੁਰਜੀਤ ਕੌਰ ਸ਼ਾਹਕੋਟ, ਰਮਨਦੀਪ ਕੌਰ ਅਤੇ ਮੰਗਲਜੀਤ ਪੰਡੋਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ,ਮਜ਼ਦੂਰ ਮੁਲਾਜ਼ਮ ਵਿਦਿਆਰਥੀ ਤੇ ਔਰਤ ਆਗੂ ਮੌਜੂਦ ਸਨ।

# ਚੋਣ ਕਮਿਸ਼ਨ ਦੇ ਗੈਰ-ਮਿਆਰੀ ਪ੍ਰਬੰਧਾਂ ਦਾ ਸ਼ਿਕਾਰ ਹੋਏ ਹਜ਼ਾਰਾਂ ਅਧਿਆਪਕ ਅਤੇ ਕਰਮਚਾਰੀ- ਡੀ ਟੀ ਐੱਫ

## ਅਧਿਆਪਕ ਜੋੜੇ ਦੀ ਮੌਤ ਤੇ ਡੀ ਟੀ ਐੱਫ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ, (ਕੌੜਾ)–** ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਚੋਣ ਡਿਊਟੀ 'ਤੇ ਜਾ ਰਹੇ ਮੋਗਾ ਜ਼ਿਲ੍ਹੇ ਦੇ ਪਿੰਡ ਸੰਗਤਪੁਰਾ ਕੋਲ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਵਾਸੀ ਧੂੜਕੋਟ ਰਣਸਿੰਘ ਅਤੇ ਉਨਾਂ ਦੀ ਪਤਨੀ ਦੀ ਸੰਘਣੀ ਧੁੰਦ ਕਾਰਨ ਕਾਰ ਸੂਏ ਦੇ ਪਾਣੀ 'ਚ ਡਿੱਗਣ ਕਾਰਨ ਮੌਕੇ 'ਤੇ ਬੇ-ਵਕਤੀ ਮੌਤ ਡੈਮੋਕਰੇਟਿਕ ਟੀਚਰ ਫਰੰਟ ਕਪੂਰਥਲਾ ਵੱਲੋਂ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਹਾਦਸੇ ਪਹਿਲੀ ਵਾਰ ਨਹੀਂ ਹੋਏ ਹਰ ਵਾਰ ਚੋਣਾਂ 'ਚ ਕੋਈ ਨਾ ਕੋਈ ਮੰਦਭਾਗੀ ਘਟਨਾ ਵਾਪਰਦੀ ਰਹੀ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਚੋਣ ਕਮਿਸ਼ਨ ਅਤੇ ਮੌਕੇ ਦੀਆਂ ਸਰਕਾਰਾਂ ਇਸ ਉੱਪਰ ਕੋਈ ਸੰਜੀਦਗੀ ਨਹੀਂ ਦਿਖਾਉਂਦੀਆਂ। ਚੋਣਾਂ ਦੌਰਾਨ ਲੱਗੇ ਚੋਣ ਅਮਲੇ ਨੂੰ ਬਹੁਤ ਵੱਡੇ ਪੱਧਰ ਤੇ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਚੋਣ ਕਮਿਸ਼ਨ ਵੱਲੋਂ ਵੱਡੇ ਪੱਧਰ ਤੇ ਅਧਿਆਪਕਾਂ ਦੀਆਂ ਦੂਰ-ਦੁਰਾਡੇ ਖੇਤਰਾਂ 'ਚ ਚੋਣ ਡਿਊਟੀਆਂ ਲਗਾ ਕੇ ਸਕੂਲਾਂ ਨੂੰ ਖਾਲੀ ਕਰ ਦਿੱਤਾ ਜਾਂਦਾ ਹੈ। ਜਿਸ ਕਰਕੇ ਬੱਚਿਆਂ ਦੀ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਚੋਣਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਘਾਟ ਅਜਿਹੇ ਹਾਦਸਿਆਂ ਦਾ ਕਾਰਨ ਬਣਦੇ ਹਨ ਡੈਮੋਕਰੇਟਿਕ ਟੀਚਰ ਫਰੰਟ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਅੱਲੂਵਾਲ, ਜਨਰਲ ਸਕੱਤਰ ਤੇਜਿੰਦਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਜੈਮਲ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਡੀ.ਟੀ.ਐੱਫ. ਜਥੇਬੰਦੀ ਵੱਲੋਂ ਚੋਣਾਂ ਦੌਰਾਨ ਲੱਗੀਆਂ ਡਿਊਟੀਆਂ ਬਾਰੇ ਮੰਗ ਪੱਤਰ ਦੇ ਕੇ ਪਹਿਲਾਂ ਹੀ ਮੰਗ ਕੀਤੀ



ਸੀ ਕਿ ਸਕੂਲਾਂ 'ਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦਾ ਨੁਕ-ਸਾਨ ਨਾ ਹੋਵੇ ਅਤੇ ਅਧਿਆਪਕਾਂ ਦੀ ਡਿਊਟੀ ਬਾਕੀ ਵਿਭਾਗਾਂ ਦੇ ਮੁਲਾਜ਼ਮਾਂ ਦੇ ਅਨੁਪਾਤਕ ਹੀ ਲਗਾਈ ਜਾਵੇ। ਸਾਰਾ ਸਾਲ ਚੱਲਣ ਵਾਲਾ ਕੰਮ ਹੋਣ ਕਰਕੇ ਬੀ.ਐਲ.ਓਜ਼. ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ । ਸਾਰੀਆਂ ਚੋਣ ਡਿਊਟੀਆਂ ਮੁਲਾਜ਼ਮਾਂ ਦੇ ਸੰਬੰਧਤ ਰਿਹਾਇਸ਼ੀ ਅਤੇ ਵਰਕਿੰਗ ਬਲਾਕਾਂ ਦੇ ਅੰਦਰ ਹੀ ਲਗਾਈਆਂ ਜਾਣ। ਪੋਲਿੰਗ ਸਟਾਫ ਨੂੰ ਵਿਧਾਨ ਸਭਾ ਪੈਟਰਨ ਤੇ ਬਣਦਾ ਮਾਣ ਭੱਤਾ ਦਿੱਤਾ ਜਾਵੇ, ਵਿਧਵਾ, ਤਲਾਕਸ਼ੁਦਾ, ਛੋਟੇ ਬੱਚਿਆਂ ਦੀਆਂ ਮਾਵਾਂ, ਗਰਭਵਤੀ ਮਹਿਲਾਵਾਂ ਅਤੇ ਗੰਭੀਰ ਬਿਮਾਰੀਆਂ ਨਾਲ ਪੀੜਤ ਮੁਲਾਜ਼ਮਾਂ ਨੂੰ ਚੋਣ ਡਿਊਟੀ ਤੋਂ ਛੋਟ ਦਿੱਤੀ ਜਾਵੇ, ਕਪਲ ਕੇਸ 'ਚ ਕਿਸੇ ਇੱਕ ਨੂੰ ਡਿਊਟੀ ਤੋਂ ਛੋਟ ਦਿੱਤੀ ਜਾਵੇ। ਪਰ ਚੋਣ ਕਮਿਸ਼ਨ ਅਤੇ ਜ਼ਿਲਾ ਅਧਿਕਾਰੀਆਂ ਵੱਲੋਂ ਅਧਿਆਪਕਾਂ ਦੀਆਂ ਇਹਨਾਂ ਮੰਗਾਂ ਨੂੰ ਅਣਗੌਲਿਆਂ ਕਰਦਿਆਂ ਵੱਡੀ ਗਿਣਤੀ 'ਚ ਅਧਿਆਪਕਾਂ ਦੀਆਂ ਡਿਊਟੀਆਂ ਦੂਰ ਦੁਰੇਡੇ ਲਗਾਈਆਂ ਗਈਆਂ। ਜਿਸ ਕਰਕੇ ਔਰਤ ਮੁਲਾਜ਼ਮਾਂ ਨੂੰ ਪੋਲਿੰਗ ਸਟੇਸ਼ਨਾਂ ਤੇ ਪੁੱਜਣ ਲਈ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪੋਲਿੰਗ ਬੂਥਾਂ ਉੱਪਰ ਚੋਣ ਅਮਲੇ ਲਈ ਰਹਿਣ ਦਾ ਕੋਈ ਢੁਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਜਿਸ ਕਾਰਨ ਉਹਨਾਂ ਨੂੰ ਬਹੁਤ ਗੰਭੀਰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਕਾਰਨ ਸਮੁੱਚੇ ਮੁਲਾਜ਼ਮਾਂ ਅੰਦਰ ਭਾਰੀ ਰੋਹ ਪਾਇਆ ਜਾ ਰਿਹਾ ਹੈ। ਆਗੂਆਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਅਜਿਹਾ ਵਾਪਰਦਾ ਹੈ ਤਾਂ ਅਧਿਆਪਕ/ ਮੁਲਾਜ਼ਮ ਵਰਗ ਇੱਕਮੁੱਠ ਹੋ ਲਾਮਬੰਦ ਹੋ ਕੇ ਆਵਾਜ਼ ਬੁਲੰਦ ਕਰਨਗੇ। ਇਸ ਮੌਕੇ ਪਵਨ ਕੁਮਾਰ, ਬਲਵਿੰਦਰ ਭੰਡਾਲ, ਨਰਿੰਦਰ ਔਜਲਾ ਲੈਕਚਰਾਰ, ਗੁਰਮੁੱਖ ਲੋਕਪ੍ਰੇਮੀ, ਬਲਵੀਰ ਸਿੰਘ, ਗੁਰਦੀਪ ਧੰਮ, ਜਸਵਿੰਦਰ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ, ਸੁਰਿੰਦਰ ਪਾਲ ਸਿੰਘ, ਕਰਮਜੀਤ ਸਿੰਘ, ਗੌਰਵ ਗਿੱਲ, ਹਰਵਿੰਦਰ ਵਿਰਦੀ, ਨਰਿੰਦਰ ਭੰਡਾਰੀ, ਵਿਨੂ ਸੇਖੜੀ ਪਰਮਿੰਦਰ ਜੀਤ ਸਿੰਘ, ਰੋਹਿਤ ਸ਼ਰਮਾ ਆਦਿ ਆਗੂ ਹਾਜ਼ਰ ਸਨ।

# ਡੇਰਾ ਸੱਚਖੰਡ ਬੱਲਾਂ ਅਤੇ ਸਤਿ ਸਾਹਿਬ ਮੇਘੋਵਾਲ ਗੰਜਿਆਂ ਵਿਖੇ ਕੁਲਦੀਪ ਚੁੰਬਰ ਨੇ ਫਿਲਮਾਏ ਵੱਖ ਵੱਖ ਧਾਰਮਿਕ ਗੀਤ

ਜਗਤ ਗੁਰੂ ਸ਼੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਉਹਨਾਂ ਦੀ ਮਹਿਮਾ ਅਤੇ ਮਹਾਨਤਾ ਨੂੰ ਗਾਉਂਦਿਆਂ ਗਾਇਕ ਕੁਲਦੀਪ ਚੁੰਬਰ ਵਲੋਂ ਸੰਗਤ ਦੇ ਸਨਮੁੱਖ 10 ਵੱਖ-ਵੱਖ ਧਾਰਮਿਕ ਗੀਤਾਂ ਦਾ ਗੁਲਦਸਤਾ ਹਾਜ਼ਰ ਕੀਤਾ ਜਾ ਰਿਹਾ ਹੈ। ਜਿਸ ਦੀ ਜਾਣਕਾਰੀ ਦਿੰਦਿਆਂ ਗਾਇਕ ਕੁਲਦੀਪ ਚੁੰਬਰ ਨੇ ਦੱਸਿਆ ਕਿ ਇਹਨਾਂ ਸਾਰੇ ਗੀਤਾਂ ਦੀ ਆਡੀਓ ਤੇ ਵੀਡੀਓ ਮੁਕੰਮਲ ਹੋ ਚੁੱਕੀ ਹੈ। ਸੰਗੀਤਕਾਰ ਰਾਜ ਕੁਮਾਰ ਨੇ ਮਿਕਸ ਘਟ ਸਟੂਡੀਓ 1ਅਤੇ ਮਿਊਜਿਕ ਐਮ ਐਸ ਵਲੋਂ ਇਹਨਾਂ ਗੀਤਾਂ ਦਾ ਸੰਗੀਤ ਤਿਆਰ ਕੀਤਾ ਗਿਆ ਹੈ।ਇਹਨਾਂ ਵੱਖ ਵੱਖ ਰਚਨਾਵਾਂ ਨੂੰ ਗੀਤਕਾਰ ਰੱਤੂ ਰੰਧਾਵਾ, ਲਿਆਸ ਲੇਸੜੀਵਾਲ ਅਤੇ ਖੁਦ ਗਾਇਕ ਕੁਲਦੀਪ ਚੁੰਬਰ ਨੇ



ਕਲਮਬੱਧ ਕੀਤਾ ਹੈ । ਇਹਨਾਂ ਵੱਖ ਵੱਖ ਰਚਨਾਵਾਂ ਦਾ ਵੀਡੀਓ ਫਿਲਮਾਂਕਣ ਰਿੰਕਾ ਨਸਰਾਲਾ ਦੀ ਪੂਰੀ ਟੀਮ ਕੈਮਰਾਮੈਨ ਰਾਜਨ ਬਟਾਲਵੀ, ਸੋਨੂ ਨਸਰਾਲਾ, ਤੁਸ਼ਾਰ ਗੁਪਤਾ ਵਲੋਂ ਹੁਸ਼ਿਆਰਪੁਰ ਦੇ ਵੱਖ-ਵੱਖ ਧਾਰਮਿਕ ਸਥਾਨ ਡੇਰਾ ਸਤਿ ਸਾਹਿਬ ਮੇਘੋਵਾਲ ਗੰਜਿਆਂ ਤੋਂ ਇਲਾਵਾ ਇਹਨਾਂ ਗੀਤਾਂ ਦਾ ਫਿਲਮਾਂਕਣ ਸੱਚਖੰਡ ਬੱਲਾਂ ਵਿਖੇ ਵੀ ਕੀਤਾ ਗਿਆ । ਇਨ੍ਹਾਂ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਮੁਖੀਆਂ ਸੰਤ ਨਿਰੰਜਨ ਦਾਸ ਜੀ ਡੇਰਾ ਬੱਲਾਂ ਸੰਚਾਲਕ ਅਤੇ ਸੰਤ ਇੰਦਰ ਦਾਸ ਜੀ, ਸੰਤ ਮਹਿੰਦਰ ਦਾਸ ਜੀ ਡੇਰਾ ਮੇਘੋਵਾਲ ਗੰਜਿਆਂ ਸੰਚਾਲਕ ਵਲੋਂ ਗਾਇਕ ਕੁਲਦੀਪ ਚੁੰਬਰ ਦੀ ਟੀਮ ਨੂੰ ਆਸ਼ੀਰਵਾਦ ਦੇ ਕੇ ਨਿਵਾਜਿਆ ਗਿਆ । ਆਉਣ ਵਾਲੇ ਕੁਝ ਦਿਨਾਂ ਵਿੱਚ ਹੀ ਇਹਨਾਂ ਵੱਖ-ਵੱਖ ਰਚਨਾਵਾਂ ਨੂੰ ਅਲੱਗ ਅਲੱਗ ਕੰਪਨੀਆਂ ਦੇ ਜ਼ਰੀਏ ਸੰਗਤ ਦੇ ਸਨਮੁੱਖ ਕੀਤਾ ਜਾਵੇਗਾ।

# ਮਨਰੇਗਾ ਦੀ ਥਾਂ ਜੀਰਾਮਜੀ ਬਿੱਲ: ਪਿੰਡਾਂ ਦੀ ਰੋਜ਼ਗਾਰ ਗਾਰੰਟੀ ਯੋਜਨਾ 'ਚ ਵੱਡਾ ਬਦਲਾਅ

ਕੇਂਦਰ ਸਰਕਾਰ ਵੱਲੋਂ ਪਿੰਡਾਂ ਦੇ ਰੋਜ਼ਗਾਰ ਨਾਲ ਸੰਬੰਧਿਤ ਇੱਕ ਵੱਡਾ ਅਤੇ ਮਹੱਤਵਪੂਰਕ ਕਦਮ ਚੁੱਕਿਆ ਗਿਆ ਹੈ। ਮੌਜੂਦਾ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਾਰੰਟੀ ਐਕਟ (ਮਨਰੇਗਾ) ਦੀ ਥਾਂ ਵਿਕਸਿਤ ਭਾਰਤ ਗ੍ਰਾਮੀਣ ਰੋਜ਼ਗਾਰ ਅਤੇ ਆਜੀਵਿਕਾ ਮਿਸ਼ਨ (ਜੀਰਾਮਜੀ) ਨਾਮਕ ਨਵਾਂ ਬਿੱਲ ਲਿਆਂਦਾ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਬਿੱਲ ਨੂੰ ਸੰਸਦ ਦੇ ਸ਼ੀਤ ਕਾਲੀਨ ਸੈਸ਼ਨ ਦੌਰਾਨ ਪੇਸ਼ ਕਰਨ ਦੀ ਯੋਜਨਾ ਹੈ। ਇਹ ਬਦਲਾਅ ਸਿਰਫ਼ ਨਾਮ ਤੱਕ ਸੀਮਿਤ ਨਹੀਂ, ਸਗੋਂ ਰੋਜ਼ਗਾਰ ਦੀ ਪ੍ਰਕਿਰਿਆ, ਫੰਡਿੰਗ ਅਤੇ ਰਾਜ-ਕੇਂਦਰ ਦੇ ਭਾਗੀਦਾਰੀ ਮਾਡਲ ਵਿੱਚ ਵੀ ਵੱਡੀ ਤਬਦੀਲੀ ਦਰਸਾਉਂਦਾ ਹੈ। ਨਵੇਂ ਜੀਰਾਮਜੀ ਬਿੱਲ ਅਧੀਨ ਹਰ ਪਿੰਡ ਦੇ ਯੋਗ ਪਰਿਵਾਰ ਨੂੰ ਸਾਲ ਵਿੱਚ 125 ਦਿਨਾਂ ਦਾ ਰੋਜ਼ਗਾਰ ਮੁਹੱਈਆ ਕਰਵਾਉਣ ਦੀ ਗਾਰੰਟੀ ਦਿੱਤੀ ਜਾ ਰਹੀ ਹੈ, ਜੋ ਕਿ ਮੌਜੂਦਾ ਮਨਰੇਗਾ ਦੀ 100 ਦਿਨਾਂ ਦੀ ਸੀਮਾ ਨਾਲੋਂ ਵੱਧ ਹੈ। ਇਸ ਦਾ ਉਦੇਸ਼ ਪਿੰਡਾਂ ਵਿੱਚ ਬੇਰੋਜ਼ਗਾਰੀ ਘਟਾਉਣਾ, ਆਮਦਨ ਦੇ ਸਰੋਤ ਵਧਾਉਣਾ ਅਤੇ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਹੀ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ ਤਾਂ ਜੋ ਸ਼ਹਿਰਾਂ ਵੱਲ ਹੋ ਰਹੀ ਮਾਈਗ੍ਰੇਸ਼ਨ 'ਤੇ ਰੋਕ ਲੱਗ ਸਕੇ। ਮਨਰੇਗਾ ਇੱਕ ਕੇਂਦਰ ਪੋਸ਼ਿਤ ਯੋਜਨਾ ਸੀ, ਜਿਸ ਵਿੱਚ ਮਜ਼ਦੂਰੀ ਦੀ ਰਕਮ ਪੂਰੀ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਸੀ। ਪਰ ਨਵੇਂ ਜੀਰਾਮਜੀ ਬਿੱਲ ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਖਰਚ ਸਾਂਝਾ ਕਰਨ ਦੀ ਵਿਵਸਥਾ ਕੀਤੀ ਗਈ ਹੈ। ਪ੍ਰਸਤਾਵਿਤ ਮਾਡਲ ਮੁਤਾਬਕ ਉੱਤਰੀ-ਪੂਰਬੀ ਅਤੇ ਹਿਮਾਲਿਆਈ ਰਾਜਾਂ ਲਈ ਖਰਚਾ 90:10 ਦੇ ਅਨੁਪਾਤ ਵਿੱਚ ਹੋਵੇਗਾ, ਜਦਕਿ ਹੋਰ ਰਾਜਾਂ ਲਈ ਇਹ ਅਨੁਪਾਤ 60:40 ਰਹੇਗਾ। ਇਸ ਨਾਲ ਰਾਜ ਸਰਕਾਰਾਂ 'ਤੇ ਵਿੱਤੀ ਦਬਾਅ ਵਧਣ ਦੀ ਸੰਭਾਵਨਾ ਹੈ, ਪਰ ਨਾਲ ਹੀ ਰਾਜਾਂ ਦੀ ਜ਼ਿੰਮੇਵਾਰੀ ਅਤੇ ਭਾਗੀਦਾਰੀ ਵੀ ਵਧੇਗੀ। ਇੱਕ ਹੋਰ ਮਹੱਤਵਪੂਰਕ ਬਦਲਾਅ ਇਹ ਹੈ ਕਿ ਹੁਣ ਇਹ ਯੋਜਨਾ ਪੂਰੀ ਤਰ੍ਹਾਂ ਮੰਗ-ਆਧਾਰਿਤ ਨਹੀਂ ਰਹੇਗੀ। ਮਨਰੇਗਾ ਅਧੀਨ ਜਦੋਂ ਵੀ ਕਿਸੇ ਪਰਿਵਾਰ ਵੱਲੋਂ ਕੰਮ ਦੀ ਮੰਗ ਕੀਤੀ ਜਾਂਦੀ ਸੀ, ਤਾਂ ਸਰਕਾਰ ਨੂੰ 15 ਦਿਨਾਂ ਦੇ ਅੰਦਰ ਰੋਜ਼ਗ-ਾਰ ਦੇਣਾ ਲਾਜ਼ਮੀ ਹੁੰਦਾ ਸੀ। ਨਵੇਂ ਬਿੱਲ ਵਿੱਚ ਇਹ ਪ੍ਰਬੰਧ ਕੁਝ ਹੱਦ ਤੱਕ ਬਦਲਿਆ ਜਾ ਸਕਦਾ ਹੈ, ਜਿਸ ਨਾਲ ਰੋਜ਼ਗਾਰ ਦੀ ਉਪਲਬਧਤਾ ਰਾਜ ਦੀ ਯੋਜਨਾ ਅਤੇ ਵਿੱਤੀ ਸਮਰਥਾ 'ਤੇ ਨਿਰਭਰ ਕਰੇਗੀ। ਮਜ਼ਦੂਰੀ ਦੀ ਦਰ ਨੂੰ ਲੈ ਕੇ ਵੀ ਚਰਚਾ ਜਾਰੀ ਹੈ। ਜੀਰਾਮਜੀ ਬਿੱਲ ਵਿੱਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਮਜ਼ਦੂਰੀ ਦੀ ਦਰ ਰਾਜ ਸਰਕਾਰਾਂ ਵੱਲੋਂ ਨਿਰਧਾਰਿਤ ਕੀਤੀ ਜਾਵੇਗੀ, ਪਰ ਇਹ ਦਰ ਮੌਜੂਦਾ ਮਨਰੇਗਾ ਮਜ਼ਦੂਰੀ ਤੋਂ ਘੱਟ ਨਹੀਂ ਹੋਵੇਗੀ। ਹਾਲਾਂਕਿ ਮਜ਼ਦੂਰ ਯੂਨੀਅਨਾਂ ਅਤੇ ਸਮਾਜਿਕ ਕਾਰਕੁਨਾਂ ਦਾ ਮੰਨਣਾ ਹੈ ਕਿ ਜੇ ਮਜ਼ਦੂਰੀ ਦਰਾਂ 'ਤੇ ਸਪਸ਼ਟ ਕਾਨੂੰਨੀ ਗਾਰੰਟੀ ਨਾ ਹੋਈ, ਤਾਂ ਮਜ਼ਦੂਰਾਂ ਦੇ ਹੱਕ ਪ੍ਰਭਾਵਿਤ ਹੋ ਸਕਦੇ ਹਨ। ਇਸ ਬਿੱਲ ਦਾ ਇੱਕ ਹੋਰ ਪੱਖ ਇਹ ਹੈ ਕਿ ਜੀ ਰਾਮ ਜੀ ਅਧੀਨ ਰੋਜ਼ਗਾਰ ਸਿਰਫ਼ ਮਜ਼ਦੂਰੀ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਆਜੀਵਿਕਾ ਵਿਕਾਸ, ਪਿੰਡਾਂ ਦੀ ਬੁਨਿਆਦੀ ਢਾਂਚਾਗਤ ਤਰੱਕੀ, ਜਲ ਸੰਰਕਸ਼ਣ, ਸੜਕਾਂ, ਵਾਟਰ ਹਾਰਵੇਸਟਿੰਗ, ਵਾਤਾਵਰਣ ਸੁਰੱਖਿਆ ਅਤੇ ਜਲਵਾਯੂ ਅਨੁਕੂਲਨ ਵਰਗੇ ਕੰਮਾਂ 'ਤੇ ਵੀ ਜ਼ੋਰ ਦਿੱਤਾ ਜਾਵੇਗਾ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਪਿੰਡਾਂ ਦੀ ਅਰਥਵਿਵਸਥਾ ਮਜ਼ਬੂਤ ਹੋਵੇਗੀ ਅਤੇ ਲੋਕਾਂ ਨੂੰ ਲੰਬੇ ਸਮੇਂ ਲਈ ਫਾਇਦਾ ਮਿਲੇਗਾ। ਇਸ ਦੇ ਨਾਲ ਹੀ ਬਿੱਲ ਵਿੱਚ ਮਹਾਤਮਾ ਗਾਂਧੀ ਦੇ ਨਾਮ ਨੂੰ ਹਟਾਉਣ ਨੂੰ ਲੈ ਕੇ ਵੀ ਰਾਜਨੀਤਕ ਚਰਚਾ ਛਿੜੀ ਹੋਈ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮਨਰੇਗਾ ਸਿਰਫ਼ ਇੱਕ ਯੋਜਨਾ ਨਹੀਂ, ਸਗੋਂ ਗਾਂਧੀ ਜੀ ਦੇ ਆਦਰਸ਼ਾਂ ਨਾਲ ਜੁੜੀ ਹੋਈ ਇੱਕ ਸਮਾਜਿਕ ਸੁਰੱਖਿਆ ਪ੍ਰਣਾਲੀ ਸੀ। ਨਾਮ ਬਦਲਣ ਨਾਲ ਇਸ ਦੀ ਆਤਮਾ ਅਤੇ ਇਤਿਹਾਸਕ ਮਹੱਤਤਾ ਨੂੰ ਘਟਾਇਆ ਜਾ ਰਿਹਾ ਹੈ। ਦੂਜੇ ਪਾਸੇ ਸਰਕਾਰ ਦਾ ਕਹਿਣਾ ਹੈ ਕਿ ਨਾਮ ਬਦਲਣ ਦਾ ਉਦੇਸ਼ ਯੋਜਨਾ ਨੂੰ ਨਵੀਂ ਦਿਸ਼ਾ ਅਤੇ ਵਿਕਾਸ ਕੇਂਦਰਿਤ ਸੋਚ ਨਾਲ ਜੋੜਨਾ ਹੈ। ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੀ ਰਾਮ ਜੀ ਬਿੱਲ ਪਿੰਡਾਂ ਦੇ ਰੋਜ਼ਗਾਰ ਖੇਤਰ ਵਿੱਚ ਇੱਕ ਵੱਡਾ ਬਦਲਾਅ ਲਿਆਉਣ ਦੀ ਕੋਸ਼ਿਸ਼ ਹੈ। ਪਰ ਇਹ ਬਦਲਾਅ ਕਿੰਨਾ ਸਫ਼ਲ ਰਹੇਗਾ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਰਾਜ ਸਰਕਾਰਾਂ ਇਸ ਨੂੰ ਕਿਵੇਂ ਲਾਗੂ ਕਰਦੀਆਂ ਹਨ ਅਤੇ ਕੀ ਮਜ਼ਦੂਰਾਂ ਦੇ ਹੱਕ ਅਤੇ ਰੋਜ਼ਗਾਰ ਦੀ ਗਾਰੰਟੀ ਪਹਿਲਾਂ ਵਾਂਗ ਮਜ਼ਬੂਤ ਰਹਿੰਦੀ ਹੈ ਜਾਂ ਨਹੀਂ। ਪਿੰਡਾਂ ਦੇ ਕਰੋੜਾਂ ਮਜ਼ਦੂਰਾਂ ਦੀ ਨਜ਼ਰ ਹੁਣ ਇਸ ਨਵੇਂ ਕਾਨੂੰਨ 'ਤੇ ਟਿਕੀ ਹੋਈ ਹੈ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਪਿੰਡ ਵੜਿੰਗ ਖੇੜਾ**
**ਤਹਿਸੀਲ ਮਲੋਟ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**
**79860-27454**

# ਜੱਫੀ ਦੀ ਨਿੱਘ

"ਓਏ ਪਾਲਿਆ ਉਹ ਪਾਲਿਆ,
ਦਰਵਾਜ਼ਾ ਖੋਲ੍ਹ ਓਏ।" ਕੋਈ ਕੋਠੀ ਦਾ ਗੇਟ ਵਾਰੀ ਵਾਰੀ ਭੰਨ ਰਿਹਾ ਸੀ। ਨਾਲ਼ੇ ਉੱਚੀ ਉੱਚੀ ਅਵਾਜ਼ਾਂ ਮਾਰ ਰਿਹਾ ਸੀ। ਕੌਣ ਪਾਲਾ ਸਾਡੇ ਤਾਂ ਘਰੇ ਕੋਈ ਪਾਲਾ ਨਹੀਂ ਸੀ। ਇਹ ਪਤਾ ਨਹੀਂ ਕੌਣ ਰੌਲਾ ਪਾਈ ਜਾਂਦਾ ਹੈ।

"ਜੀ ਬਾਹਰ ਜਾਇਓ ਕੇਰਾਂ। ਕੌਣ ਹੈ ਪਿੰਡਾਂ ਵਾਂਗੂ ਗੇਟ ਭੰਨੀ ਜਾਂਦਾ ਹੈ।" ਰਸੋਈ ਚੋਂ ਮੇਰੇ ਨਾਲਦੀ ਨੇ ਆਵਾਜ਼ ਮਾਰੀ। ਗੁੱਸਾ ਤਾਂ ਮੈਨੂੰ ਵੀ ਬਹੁਤ ਆਇਆ। ਪਰ ਮੈਨੂੰ ਸੀ ਕਿ ਉਸ ਆਪੇ ਚਾਰ ਤੱਤੀਆਂ ਠੰਡੀਆਂ ਸੁਣਾਕੇ ਉਸਨੂੰ ਭਜਾ ਦੇਵੇਗੀ। ਪਰ ਹੁਣ ਤੇ ਮੈਨੂੰ ਜਾਣਾ ਹੀ ਪੈਣਾ ਸੀ। ਮੈਨੂੰ ਗੁੱਸਾ ਇਹ ਸੀ ਕਿ ਜਦੋਂ ਬਾਹਰ ਡੋਰ ਬੈੱਲ ਲੱਗੀ ਹੈ। ਇਹ ਕਿਹੜਾ ਹੋਇਆ ਜਿਹੜਾ ਅਵਾਜ਼ਾਂ ਹੀ ਮਾਰੀ ਜਾਂਦਾ ਹੈ। ਗੇਟ ਤੇ ਮੋਟੇ ਅੱਖਰਾਂ ਵਿੱਚ ਹਰਗੋਪ-ਾਲ ਸਿੰਘ ਸੇਵਾਮੁਕਤ ਪ੍ਰਿੰਸੀਪਲ ਪੰਜਾਬੀ ਵਿੱਚ ਲਿਖਿਆ ਹੋਇਆ ਹੈ। ਇਹਨੂੰ ਦਿਸਦਾ ਨਹੀਂ ਕਿ ਇੱਥੇ ਕੋਈ ਪਾਲਾ ਨਹੀਂ ਰਹਿੰਦਾ।

"ਹੋਰ ਵੀ ਪਾਲਿਆ ਪਹਿਚਾਣਿਆ ਮੈਨੂੰ?" ਮੈਨੂੰ ਜੱਫੀ ਪਾਉਂਦੇ ਹੋਏ ਦਰਵਾਜ਼ਾ ਖੜਕਾਉਣ ਵਾਲੇ ਨੇ ਪੁੱਛਿਆ। ਦਿਮਾਗ ਤੇ ਜ਼ੋਰ ਪਾਉਣ ਤੇ ਅਤੇ ਉਸਦੇ ਬੁੱਲ੍ਹ ਫੜਕਾਉਣ ਦੇ ਅੰਦਾਜ਼ ਤੋਂ ਯਾਦ ਆਇਆ ਕਿ ਇਹ ਤਾਂ ਮੇਰੇ ਨਾਲ ਛੇਵੀਂ ਸੱਤਵੀਂ ਚ ਪੜ੍ਹਦਾ ਚੱਕੀ ਵਾਲਿਆਂ ਦਾ ਜੀਤਾ ਹੈ। ਉਸ ਦਾ ਪੂਰਾ ਨਾਮ ਬਲਜੀਤ ਸਿੰਘ ਸੀ। ਪਰਵਾਰਿਕ ਤੰਗੀਆਂ ਤੁਰਸ਼ੀਆਂ ਕਰਕੇ ਉਹ ਪੜ੍ਹਾਈ ਅਧਵੱਟੇ ਹੀ ਛੱਡ ਗਿਆ ਸੀ। ਫਿਰ ਸਾਡਾ ਕਦੇ ਮੇਲ਼ ਨਾ ਹੋਇਆ। ਉਂ ਪਤਾ ਚੱਲਦਾ ਰਹਿੰਦਾ ਸੀ ਕਿ ਉਸਨੇ ਕਈ ਕੰਮ ਧੰਦੇ ਬਦਲੇ ਪਰ ਘਰ ਦੇ ਹਾਲਾਤਾਂ ਚ ਕੋਈ ਫਰਕ ਨਾ ਪਿਆ।"ਜੀਤਿਆ ਤੂੰ। ਅੱਜ ਕਿਵੇਂ ਰਸਤਾ ਭੁੱਲ ਗਿਆ।" ਚਾਹੇ ਮੈਂ ਵੀ ਉਸਨੂੰ ਜੱਫੀ ਪਾ ਲਈ ਪ੍ਰੰਤੂ ਮੇਰੀ ਪਾਈ ਜੱਫੀ ਚ ਉਹ ਨਿੱਘ ਨਹੀਂ ਸੀ। ਉਸਨੇ ਦੱਸਿਆ ਕਿ ਅੱਜ ਕੱਲ੍ਹ ਉਹ ਰੀਅਲ ਐਸਟੇਟ ਦਾ ਕੰਮ ਕਰਦਾ ਹੈ ਤੇ ਉਸਨੇ ਪਿੰਡ ਹੀ ਕੋਠੀ ਪਾਈ ਹੈ। ਮੈਂ ਉਸਨੂੰ ਗੇਟ ਤੇ ਲੱਗੀ ਡੋਰ ਬੈੱਲ ਬਾਰੇ ਦੱਸਣ ਲੱਗਿਆ। ਨਾਲੇ ਮੈਂ ਉਸਨੂੰ ਗੱਲਾਂ ਗੱਲਾਂ ਚ ਦੱਸਿਆ ਕਿ ਪਾਲੇ ਦੇ ਨਾਮ ਤੇ ਇੱਥੇ ਮੈਨੂੰ ਕੋਈ ਨਹੀਂ ਜਾਣਦਾ। ਬਹੁਤੇ ਲੋਕ ਪ੍ਰਿੰਸੀਪਲ ਸਾਹਿਬ ਜਾਂ ਹਰਗੋਪਾਲ ਸਿੰਘ ਕਰਕੇ ਜਾਣਦੇ ਹਨ।

"ਓਏ ਉਹ ਤਾਂ ਮੈਨੂੰ ਪਤਾ ਹੈ।ਆਹ ਤੇਰੀ ਘੰਟੀ ਜਿਹੀ ਵੀ ਮੈਂ ਵੇਖ ਲਈ ਸੀ। ਮੈਂ ਤਾਂ ਤੇਰੇ ਘਰ ਆਕੇ ਪੰਜਾਹ ਸੱਠ ਸਾਲ ਪੁਰਾਣਾ ਸਮਾਂ ਯਾਦ ਕਰਨ ਲਈ ਤੈਨੂੰ ਵਾਜਾਂ ਮਾਰੀਆਂ ਸੀ ਤੇ ਗੇਟ ਭੰਨਿਆ ਸੀ ਜਿਵੇਂ ਆਪਾਂ ਨਿੱਕੇ ਹੁੰਦੇ ਭੰਨਦੇ ਹੁੰਦੇ ਸੀ।" ਉਸਨੇ ਬੇਪਰਵਾਹੀ ਜਿਹੀ ਨਾਲ ਕਿਹਾ ਤੇ ਮੈਨੂੰ ਹੋਰ ਜੋਰ ਦੀ ਘੁੱਟ ਲਿਆ। ਉਸ ਦਾ ਤਰਕ ਸੁਣਕੇ ਮੈਨੂੰ ਮੇਰੀ ਪ੍ਰਿੰਸੀਪਲੀ ਉਸ ਅੱਗੇ ਬੌਣੀ ਹੁੰਦੀ ਜਾਪੀ।



**ਰਮੇਸ਼ ਸੇਠੀ ਬਾਦਲ**
**9876627233**

# ਜ਼ਿੰਦਗੀ: ਹਰ ਪਲ ਦੀ ਕਦਰ

ਜ਼ਿੰਦਗੀ ਰੱਬ ਦੀ ਸਭ ਤੋਂ ਕੀਮਤੀ ਦਾਤ ਹੈ। ਇਹ ਨਾ ਤਾਂ ਮੁੜ ਮਿਲਦੀ ਹੈ ਅਤੇ ਨਾ ਹੀ ਕਿਸੇ ਹੋਰ ਦੇ ਹਵਾਲੇ ਕੀਤੀ ਜਾ ਸਕਦੀ ਹੈ। ਹਰ ਸਵੇਰ ਜੋ ਅਸੀਂ ਜਾਗਦੇ ਹਾਂ, ਉਹ ਸਿਰਫ਼ ਇੱਕ ਦਿਨ ਨਹੀਂ, ਸਗੋਂ ਇੱਕ ਨਵਾਂ ਮੌਕਾ ਹੁੰਦਾ ਹੈ—ਆਪਣੇ ਆਪ ਨੂੰ ਬਿਹਤਰ ਬਣਾਉਣ ਦਾ, ਕੁਝ ਨਵਾਂ ਸਿੱਖਣ ਦਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ। ਇਸ ਲਈ ਜ਼ਿੰਦਗੀ ਦਾ ਹਰ ਦਿਨ ਸਿਰਫ਼ ਗੁਜ਼ਾਰਨਾ ਨਹੀਂ, ਸਗੋਂ ਅਰਥਪੂਰਨ ਢੰਗ ਨਾਲ ਜੀਣਾ ਚਾਹੀਦਾ ਹੈ। ਅਕਸਰ ਅਸੀਂ ਜ਼ਿੰਦਗੀ ਨੂੰ ਭਵਿੱਖ ਦੇ ਹਵਾਲੇ ਕਰ ਦਿੰਦੇ ਹਾਂ। ਸੋਚਦੇ ਰਹਿੰਦੇ ਹਾਂ ਕਿ ਜਦੋਂ ਪੜ੍ਹਾਈ ਮੁਕ ਜਾਵੇਗੀ, ਨੌਕਰੀ ਮਿਲ ਜਾਵੇਗੀ ਜਾਂ ਹਾਲਾਤ ਠੀਕ ਹੋ ਜਾਣਗੇ, ਅੱਜ ਦੀ ਕਦਰ ਨਹੀਂ ਕਰਦਾ, ਉਹ ਕੱਲ੍ਹ ਦੀ ਉਡੀਕ ਵਿੱਚ ਆਪਣਾ ਅੱਜ ਗਵਾ ਲੈਂਦਾ ਹੈ। ਵਿਦਿਆਰਥੀ ਜੀਵਨ ਜ਼ਿੰਦਗੀ ਦਾ ਸਭ ਤੋਂ ਨਿਰਣਾਇਕ ਦੌਰ ਹੁੰਦਾ ਹੈ। ਇਸ ਦੌਰ ਵਿੱਚ ਬਣੀਆਂ ਆਦਤਾਂ ਅਤੇ ਸੋਚ ਹੀ ਆਉਣ ਵਾਲੇ ਸਮੇਂ ਦੀ ਦਿਸ਼ਾ ਤੈਅ ਕਰਦੀਆਂ ਹਨ।

ਅੱਜ ਦੇ ਵਿਦਿਆਰਥੀ ਅਕਸਰ ਅੰਕਾਂ, ਮੁਕਾ-ਬਲੇ ਅਤੇ ਦਬਾਅ ਦੇ ਬੋਝ ਹੇਠ ਜੀ ਰਹੇ ਹਨ। ਅਸਫਲਤਾ ਉਨ੍ਹਾਂ ਨੂੰ ਨਿਰਾਸ਼ ਕਰ ਦਿੰਦੀ ਹੈ ਅਤੇ ਕਈ ਵਾਰ ਆਪਣੇ ਆਪ 'ਤੇ ਖੜਾ ਹੋਣਾ ਸਿੱਖ ਲੈਂਦਾ ਹੈ, ਉਹੀ ਅਸਲ ਵਿੱਚ ਸਫਲ ਬਣਦਾ ਹੈ। ਹਰ ਇਨਸਾਨ ਦੀ ਯਾਤਰਾ ਵੱਖਰੀ ਹੁੰਦੀ ਹੈ। ਕਿਸੇ ਨੂੰ ਮੰਜਿਲ ਜਲਦੀ ਮਿਲ ਜਾਂਦੀ ਹੈ, ਕਿਸੇ ਨੂੰ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ। ਇਹ ਤੁਲਨਾ ਹੀ ਮਨੁੱਖ ਨੂੰ ਕਮਜ਼ੋਰ ਕਰਦੀ ਹੈ। ਆਪਣੀ ਸਮਰੱਥਾ ਨੂੰ ਸਮਝ ਕੇ, ਆਪਣੇ ਸਮੇਂ ਅਨੁਸਾਰ ਅੱਗੇ ਵਧਣਾ ਹੀ ਸਿਆਣਪ ਹੈ। ਲਗਾਤਾਰ ਮਿਹਨਤ, ਸਬਰ ਅਤੇ ਸੱਚੀ ਨੀਅਤ—ਇਹ ਤਿੰਨ ਗੁਣ ਕਿਸੇ ਵੀ ਵਿਦਿਆਰਥੀ ਜਾਂ ਆਮ ਬੱਚਿਆਂ ਦੇ ਭਵਿੱਖ ਲਈ ਦਿਨ-ਰਾਤ ਮਿਹਨਤ ਕਰਦੇ ਹਨ, ਅਧਿਆਪਕ ਵਿਦਿਆਰਥੀਆਂ ਨੂੰ ਸਹੀ ਰਸਤਾ ਦਿਖਾਉਂਦੇ ਹਨ, ਅਤੇ ਆਮ ਨਾਗਰਿਕ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਜੀਵਨ ਦੀ ਗੱਡੀ ਅੱਗੇ ਵਧਾਉਂਦਾ ਹੈ। ਇਹ ਸਭ ਸੰਘਰਸ਼ ਅਕਸਰ ਦਿੱਖ ਨਹੀਂ ਪਾਉਂਦੇ, ਪਰ ਇਹੀ ਸੰਘਰਸ਼ ਸਮਾਜ ਦੀ ਮਜ਼ਬੂਤ ਨੀਂਹ ਬਣਦੇ ਹਨ। ਜ਼ਿੰਦਗੀ ਦਾ ਅਸਲ ਸੁੰਦਰਤਾ ਵੱਡੀਆਂ ਕਾਮਯਾਬੀਆਂ ਵਿੱਚ ਨਹੀਂ, ਸਗੋਂ ਛੋਟੇ-ਛੋਟੇ ਪਲਾਂ ਵਿੱਚ ਵੱਸਦੀ ਹੈ—ਪਰਿਵਾਰ ਨਾਲ ਬਿਤਾਇਆ ਸਮਾਂ, ਬੱਚਿਆਂ ਦੀ ਮੁਸਕਾਨ, ਅਧਿਆਪਕ ਦੀ ਸਿੱਖਿਆ ਅਤੇ ਮਾਪਿਆਂ ਦੀ ਦੂਆ। ਜਦੋਂ ਇਨਸਾਨ ਇਨ੍ਹਾਂ ਪਲਾਂ ਦੀ ਕਦਰ ਕਰਨਾ ਸਿੱਖ ਲੈਂਦਾ ਹੈ, ਤਦੋਂ ਉਹ ਹਰ ਹਾਲਤ ਵਿੱਚ ਸੰਤੁਸ਼ਟ ਰਹਿਣਾ ਸਿੱਖ ਜਾਂਦਾ ਹੈ।

ਇਸ ਲਈ ਹਰ ਦਿਨ ਆਪਣੇ ਆਪ ਨੂੰ ਇਹ ਯਾਦ ਦਿਵਾਉਣਾ ਚਾਹੀਦਾ ਹੈ ਕਿ ਅੱਜ ਦਾ ਦਿਨ ਬਦਲਾਅ ਲਿਆ ਸਕਦਾ ਹੈ। ਇੱਕ ਚੰਗਾ ਵਿਚਾਰ, ਇੱਕ ਨੇਕ ਕਦਮ ਅਤੇ ਇੱਕ ਸੱਚਾ ਯਤਨ—ਇਹੀ ਜ਼ਿੰਦਗੀ ਨੂੰ ਮਾਇਨੇ ਦਿੰਦੇ ਹਨ। ਨਿਰਾਸ਼ਾ ਦੀ ਥਾਂ ਆਸ, ਡਰ ਦੀ ਥਾਂ ਹੌਂਸਲਾ ਅਤੇ ਨਫ਼ਰਤ ਦੀ ਥਾਂ ਸਹਿਣਸ਼ੀਲਤਾ ਅਪਣਾਉਣੀ ਚਾਹੀਦੀ ਹੈ। ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜ਼ਿੰਦਗੀ ਦਾ ਹਰ ਦਿਨ ਜੀਓ, ਕਿਉਂਕਿ ਇਹ ਦਿਨ ਮੁੜ ਨਹੀਂ ਆਉਂਦਾ। ਅੱਜ ਨੂੰ ਸੰਵਾਰ ਕੇ ਹੀ ਅਸੀਂ ਕੱਲ੍ਹ ਨੂੰ ਰੌਸ਼ਨ ਬਣਾ ਸਕਦੇ ਹਾਂ। ਜੋ ਇਨਸਾਨ ਹਰ ਦਿਨ ਨੂੰ ਕਦਰ ਨਾਲ ਜੀਣਾ ਸਿੱਖ ਲੈਂਦਾ ਹੈ, ਉਹੀ ਅਸਲ ਅਰਥਾਂ ਵਿੱਚ ਕਾਮਯਾਬ ਬਣਦਾ ਹੈ।



**ਬੇਅੰਤ ਕੌਰ ਬਰਨਾਲਾ**

# ਬੱਚਿਆਂ ਵਿੱਚ ਘੱਟ ਰਹੇ ਨੈਤਿਕ ਗੁਣ

ਬੱਚੇ ਰੱਬ ਦੀ ਦਾਤ ਨੇ, ਇਹ ਕੋਰੇ ਕਾਗਜ਼ ਤੇ ਸੁੱਚੇ ਅੱਖਰ ਨੇ, ਪਰ ਜੇਕਰ ਇਨਾ ਵੱਲ ਧਿਆਨ ਦਿੱਤਾ ਜਾਵੇ, ਇਹ ਅਕਸਰ ਸਾਡੀ ਨਕਲ ਕਰਦੇ ਹਨ, ਇਹ ਜੋ ਬੋਲਦੇ ਹਨ ਉਹ ਸਾਡੇ ਬੋਲਾਂ ਦੇ ਨਤੀਜੇ ਹਨ, ਇਹਨਾਂ ਅੰਦਰ ਜੋ ਵੀ ਹੈ ਉਹ ਸਾਡੇ ਵਿੱਚੋਂ ਹੀ ਪ੍ਰਗਟ ਹੋਇਆ ਹੈ, ਇਹ ਸਾਡੀਆਂ ਚੰਗੀਆਂ ਮਾੜੀਆਂ ਆਦਤਾਂ ਨੂੰ ਗ੍ਰਹਿਣ ਕਰਦੇ ਹਨ, ਅਸੀਂ ਸੋਚਦੇ ਹਾਂ ਕਿ ਬੱਚਿਆਂ ਵਿੱਚ ਨੈਤਿਕ ਗੁਣਾਂ ਦੀ ਘਾਟ ਆ ਗਈ ਹੈ ਇਸ ਦਾ ਕਾਰਨ ਵੀ ਅਸੀਂ ਹੀ ਹਾਂ, ਹੁਣ ਅਸੀਂ ਸ਼ਾਇਦ ਇਨਾ ਵੱਲ ਧਿਆਨ ਦੇਣਾ ਘੱਟ ਕਰ ਦਿੱਤਾ ਹੈ, ਮੈਂ ਗੱਲ ਸੁਖ ਸਹੂਲਤਾਂ ਦੀ ਨਹੀਂ ਕਰਦੀ ਉਹ ਤਾਂ ਹੁਣ ਵੱਧ ਹਨ ਇਹਨਾਂ ਕੋਲ ਪਰ ਮੈਂ ਗੱਲ ਕਰਦੀ ਹਾਂ ਅੰਦਰਲੇ ਨੈਤਿਕ ਗੁਣਾਂ ਦੀ ਜਿੰਨਾ ਵੱਲ ਸਾਡੇ ਕੋਲੋਂ ਅਣਗਹਿਲੀ ਹੁੰਦੀ ਜਾ ਰਹੀ ਹੈ ਅਸੀਂ ਆਪਣਾ ਵਿਵਹਾਰ ਬੱਚਿਆਂ ਸਾਹਮਣੇ ਨਹੀਂ ਬਦਲਦੇ ਤੇ ਬੱਚੇ ਸਾਡੇ ਚੰਗੇ ਮਾੜੇ ਵਿਵਹਾਰ ਨੂੰ ਗ੍ਰਹਿਣ ਕਰ ਲੈਂਦੇ ਹਨ ਤੇ ਫਿਰ ਉਸੇ ਤਰ੍ਹਾਂ ਵਿਵਹਾਰ ਕਰਦੇ ਹਨ ਅਸੀਂ ਅਕਸਰ ਆਪਣਾ ਵਿਵਹਾਰ ਭੁੱਲ ਜਾਂਦੇ ਹਾਂ ਤੇ ਜਦੋਂ ਬੱਚਾ ਕੋਈ ਚੰਗਾ ਵਿਵਹਾਰ ਨਹੀਂ ਕਰਦਾ ਤਾਂ ਅਸੀਂ ਉਸ ਨੂੰ ਡਾਂਟਦੇ ਹਾਂ , ਅਸਲ ਵਿੱਚ ਸਾਨੂੰ ਆਪਣੇ ਵੱਲ ਝਾਤੀ ਮਾਰਨੀ ਚਾਹੀਦੀ ਹੈ ਕਿ ਅਸੀਂ ਜੋ ਸ਼ਬਦ ਆਪਣੇ ਰੋਜਾਨਾ ਜਿੰਦਗੀ ਵਿੱਚ ਵਰਤਦੇ ਹਾਂ ਉਹ ਸਾਡੇ ਹੀ ਸ਼ਬਦ ਸਾਡੇ ਬੱਚੇ ਵੀ ਅਪਣਾ ਲੈਂਦੇ ਹਨ, ਹੁਣ ਬੱਚੇ ਵੱਡਿਆਂ ਦਾ ਉਨਾ ਆਦਰ ਨਹੀਂ ਕਰਦੇ ਜਿੰਨਾ ਪਹਿਲਾਂ ਵਾਲੇ ਬੱਚੇ ਕਰਦੇ ਸਨ ਇਹ ਵੀ ਕਿਤੇ ਨਾ ਕਿਤੇ ਸਾਡੇ ਨਾਲ ਹੀ ਸਬੰਧਤ ਹੈ, ਬੱਚੇ ਕੋਰੇ ਕਾਗਜ਼ ਵਰਗੇ ਤੇ ਸ਼ੀਸ਼ੇ ਵਰਗੇ ਸਾਫ ਹਨ ਉਹਨਾਂ ਤੇ ਜੋ ਵੀ ਅੱਖਰ ਅਸੀਂ ਲਿਖ ਦਿਆਂਗੇ ਉਹੀ ਸਾਹਮਣੇ ਆਵੇਗਾ, ਕਦੇ ਕਦੇ ਮੈਨੂੰ ਲੱਗਦਾ ਹੁੰਦਾ ਕਿ ਮੈਂ ਕੁਝ ਸ਼ਬਦ ਅਚਨਚੇਤ ਬੋਲ ਦਿੰਦੀ ਹਾਂ ਇਹ ਉਹੀ ਸ਼ਬਦ ਹੁੰਦੇ ਹਨ ਜੋ ਕਦੇ ਮੈਂ ਆਪਣੀ ਮਾਂ ਕੋਲੋਂ ਬਚਪਨ ਵਿੱਚ ਸੁਣੇ ਸਨ, ਇਸੇ ਤਰ੍ਹਾਂ ਕਈ ਵਾਰ ਮੈਂ ਮਹਿਸੂਸ ਕੀਤਾ ਹੈ ਕਿ ਮੈਂ ਬਿਲਕੁਲ ਆਪਣੀ ਮਾਂ ਵਾਂਗ ਵਿਵਹਾਰ ਕਰਦੀ ਹਾਂ ਇਹ ਸਭ ਸਾਰੇ ਬੱਚਿਆਂ ਨਾਲ ਹੁੰਦਾ ਹੈ,

ਇਸ ਲਈ ਹਮੇਸ਼ਾ ਮਾਪਿਆਂ ਨੂੰ ਆਪਣੇ ਬੋਲੀ, ਆਪਣਾ ਵਿਵਹਾਰ ਸਹੀ ਕਰਨਾ ਚਾਹੀਦਾ ਹੈ ਜੇਕਰ ਉਹ ਆਪਣੇ ਬੱਚਿਆਂ ਨੂੰ ਸਹੀ ਵਿਵਹਾਰ ਕਰਦੇ ਵੇਖਣਾ ਚਾਹੁੰਦੇ ਹਨ ਮਾਪਿਆਂ ਨੂੰ ਬੱਚਿਆਂ ਲਈ ਉਦਾਹਰਨ ਬਣਨਾ ਚਾਹੀਦਾ ਹੈ ਇੱਕ ਚੰਗਾ ਕਿਰਦਾਰ ਮਾਪਿਆਂ ਦਾ ਹੋਣਾ ਚਾਹੀਦਾ ਹੈ ਜੇਕਰ ਉਹ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਵੀ ਵਧੀਆ ਕਿਰਦਾਰ ਦਾ ਬਣੇ ਉਹਨਾਂ ਨੂੰ ਮਿਸਾਲ ਬਣਨਾ ਚਾਹੀਦਾ ਹੈ ਆਪਣੇ ਬੱਚਿਆਂ ਲਈ, ਕੁਝ ਗੱਲਾਂ ਬੱਚੇ ਘਰ ਚੋਂ ਤੇ ਕੁਝ ਬਾਹਰੋਂ ਸਮਾਜ ਵਿੱਚੋਂ ਗ੍ਰਹਿਣ ਕਰਦੇ ਹਨ ਉਹਨਾਂ ਦੀ ਸੰਗਤ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਕੁਝ ਗੱਲਾਂ ਉਹ ਆਪਣੇ ਦੋਸਤਾਂ ਤੋਂ ਵੀ ਸਿੱਖਦੇ ਹਨ,

ਬੱਚਿਆਂ ਦੇ ਨੈਤਿਕ ਪੱਧਰ ਨੂੰ ਉੱਚਾ ਚੱਕਣ ਲਈ ਉਹਨਾਂ ਨੂੰ ਗੁਰਬਾਣੀ ਨਾਲ ਵੀ ਜੋੜਨਾ ਚਾਹੀਦਾ ਹੈ, ਗੁਰਬਾਣੀ ਪੜ੍ਹੀ ਤੇ ਸਮਝਣੀ ਉਹਨਾਂ ਨੂੰ ਸਿਖਾਉਣੀ ਚਾਹੀਦੀ ਹੈ,ਇਸ ਤਰ੍ਹਾਂ ਅਸੀਂ ਇੱਕ ਸੋਹਣਾ ਸਮਾਜ ਦੇ ਸਿਰਜਣਾ ਕਰ ਸਕਦੇ ਹਾਂ, ਕੁਦਰਤ ਦੇ ਬਾਗ ਵਿੱਚ ਬੱਚੇ ਸਭ ਤੋਂ ਸੁੰਦਰ ਫੁੱਲ ਹਨ ਤੇ ਇਹ ਫੁੱਲ ਹਮੇਸ਼ਾ ਮਹਿਕਦੇ ਰਹਿਣ ਇਸ ਲਈ ਇਹਨਾਂ ਨੂੰ ਚੰਗੇ ਗੁਣਾਂ ਨਾਲ ਭਰ ਦੇਣਾ ਮਾਪਿਆਂ ਦਾ ਪਹਿਲਾ ਫਰਜ ਹੈ।



**ਗੁਰਮੀਤ ਕੌਰ ਕਾਹਲੋ**
**ਸੰਗਰੂਰ**

# ਪੰਜਾਬ ਵਿੱਚ ਕਬੱਡੀ ਖਿਡਾਰੀਆਂ ਦੇ ਕਬੱਡੀ ਮੈਦਾਨਾਂ ਵਿੱਚ ਹੀ ਕਤਲ ਚਿੰਤਾਜਨਕ

**ਬਲਬੀਰ ਸਿੰਘ ਬੱਬੀ**



ਪੰਜਾਬ ਦੀ ਮੌਜੂਦਾ ਸਮੇਂ ਅਮਨ ਕਾਨੂੰਨ ਦੀ ਸਥਿਤੀ ਕੀ ਹੈ ਇਹ ਸਾਨੂੰ ਸਭ ਕੁਝ ਅਖਬਾਰੀ ਖਬਰਾਂ ਤੋਂ ਇਲਾਵਾ ਸੋਸ਼ਲ ਮੀਡੀਆ ਤੇ ਹੋਰ ਨਿਊਜ਼ ਚੈਨਲਾਂ ਤੋਂ ਇਲਾਵਾ ਕਈ ਪਾਸੇ ਅੱਖੀ ਦੀ ਦੇਖਣਾ ਪੈ ਰਿਹਾ ਹੈ। ਉਹ ਕਿਹੜਾ ਦਿਨ ਹੈ ਜਿਸ ਵਿੱਚ ਇੱਕ ਨਹੀਂ ਕਈ ਕਈ ਪਾਸੇ ਗੋਲੀਆਂ ਚੱਲਣ ਬੇਕਸੂਰ ਬੰਦੇ ਮਰਨ ਗੈਂਗਸਟਰ ਫਿਰੌਤੀਆਂ ਲਈ ਧਮਕੀਆਂ ਦੇਣ ਮਾੜੀਆਂ ਮਾੜੀਆਂ ਜਿੱਦਾਂ ਤੇ ਹੋਰ ਗੱਲਾਂ ਬਾਤਾਂ ਪਿੱਛੇ ਕਤਲ ਕੁੱਟ ਕੁਟਾਪਾ ਆਮ ਹੋ ਗਿਆ ਹੈ। ਜਦੋਂ ਕਈ ਕੇਸਾਂ ਦੀ ਤਹਿ ਤੱਕ ਜਾਂਦੇ ਹਾਂ ਤਾਂ ਫਿਰ ਸਿਆਸੀ ਆਗੂਆਂ ਦੀ ਛਤਰ ਛਾਇਆ ਵੀ ਸਾਹਮਣੇ ਆਉਂਦੀ ਹੈ ਆਮ ਲੋਕ ਤੇ ਵਿਰੋਧੀ ਪਾਰਟੀਆਂ ਦੇ ਆਗੂ ਜਦੋਂ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਦੀ ਗੱਲ ਕਰਦੇ ਹਨ ਤਾਂ ਫਿਰ ਪੰਜਾਬ ਦੇ ਮੁੱਖ ਮੰਤਰੀ ਡੀਜੀਪੀ ਸਾਬ ਤੇ ਹੋਰ ਮੰਤਰੀ ਸ਼ੰਤਰੀ ਇਹ ਕਹਿੰਦੇ ਹਨ ਕਿ ਯੂ ਪੀ ਮੱਧ ਪ੍ਰਦੇਸ਼ ਨਾਲੋਂ ਤਾਂ ਪੰਜਾਬ ਦੀ ਸਥਿਤੀ ਸਹੀ ਹੈ ਤੁਸੀਂ ਜੋ ਬਿਆਨਬਾਜੀ ਮਰਜ਼ੀ ਕਰੀ ਜਾਓ ਪਰ ਜਿਨਾਂ ਦੇ ਨੌਜਵਾਨ ਗੱਭਰੂ ਪੁੱਤ ਕਿਸੇ ਨਾ ਕਿਸੇ ਤਰੀਕੇ ਮੌਤ ਦੀ ਘਾਟ ਉਤਾਰੇ ਜਾ ਰਹੇ ਹਨ ਉਹਨਾਂ ਨੂੰ ਪੁੱਛੋ ਅਮਨ ਕਾਨੂੰਨ ਦੀ ਸਥਿਤੀ ਕੀ ਹੈ। ਸਭ ਨੂੰ ਪਤਾ ਹੀ ਹੈ ਕਿ ਕੱਲ ਪੰਜਾਬ ਦੀ ਬੁੱਕਲ ਵਿੱਚ ਵਸਿਆ ਵੱਡਾ ਸ਼ਹਿਰ ਮੋਹਾਲੀ ਜਿਸ ਵਿੱਚ ਪੰਜਾਬ ਪੁਲਿਸ ਦੇ ਅਫਸਰ ਮੰਤਰੀ ਸ਼ੰਤਰੀ ਪ੍ਰਾਪਰਟੀ ਡੀਲਰ ਤੇ ਹੋਰ ਅਨੇਕਾਂ ਵਿਅਕਤੀ ਰਹਿੰਦੇ ਹਨ ਉਸੇ ਮੋਹਾਲੀ ਦੇ ਸੋਹਾਣਾ ਪਿੰਡ ਵਿੱਚ ਇੱਕ ਵੱਡਾ ਟੂਰਨਾਮੈਂਟ ਪਿਛਲੇ ਤਿੰਨ ਚਾਰ ਦਿਨ ਤੋਂ ਚੱਲ ਰਿਹਾ ਸੀ ਤੇ ਅਖੀਰਲੇ ਦਿਨ ਖੇਡ ਗਰਾਉਂਡ ਦੇ ਵਿੱਚ ਆ ਕੇ ਰਾਣਾ ਨਾਂ ਦੇ ਕਬੱਡੀ ਖਿਡਾਰੀ ਨੂੰ ਚੰਦ ਮਿੰਟਾਂ ਵਿੱਚ ਹੀ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਕੇ ਹਮਲਾਵਰ ਔਹ ਗਏ ਔਹ ਗਏ। ਪ੍ਰਤੱਖ ਦਰਸੀਆਂ ਅਨੁਸਾਰ ਇਹ ਦੱਸਿਆ ਜਾ ਰਿਹਾ ਹੈ ਕਿ ਜਦੋਂ ਇਹ ਟੂਰਨਾਮੈਂਟ ਚੱਲ ਰਿਹਾ ਸੀ ਤਾਂ ਉਸ ਵੇਲੇ ਮੋਹਾਲੀ ਦੇ ਐਸ ਪੀ ਰੈਂਕ ਤੱਕ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ ਤੇ ਇਹਨਾਂ ਪੁਲਿਸ ਅਫਸਰਾਂ ਦੇ ਨਾਲ ਬਾਡੀਗਾਰਡ ਤੌਰ ਤੇ ਪੁਲਿਸ ਮੁਲਾਜਮ ਵੀ ਤਾਂ ਹੁੰਦੇ ਹੀ ਹਨ ਤੇ ਜਦੋਂ ਪੁਲਿਸ ਦੀ ਹਾਜ਼ਰੀ ਦੇ ਵਿੱਚ ਖੇਡ ਮੈਦਾਨ ਦੇ ਵਿੱਚ ਇਸ ਤਰਾਂ ਕਤਲ ਹੋ ਜਾਵੇ ਤਾਂ ਫਿਰ ਸਵਾਲ ਤਾਂ ਉੱਠਣੇ ਹੀ ਹਨ ਕਿ ਇਹਨਾਂ ਪੁਲਿਸ ਵਾਲਿਆਂ ਨੇ ਹਮਲਾਵਰਾਂ ਦਾ ਪਿੱਛਾ ਕਿਉਂ ਨਹੀਂ ਕੀਤਾ ਕਿੱਥੇ ਨੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਵੱਡੀਆਂ ਗੱਡੀਆਂ ਪਰ ਵਰਦੀਆਂ ਗੋਲੀਆਂ ਦੇ ਵਿੱਚ ਕੌਣ ਖੜਦਾ ਹੁਣ ਦੇਖਦੇ ਹਾਂ ਇਸ ਮਾਮਲੇ ਵਿੱਚ ਅੱਗੇ ਹੁੰਦਾ ਕੀ ਹੈ। ਇੱਕ ਗੈਂਗਸਟਰ ਗਰੁੱਪ ਨੇ ਇਸ ਕਾਂਡ ਦੀ ਜਿੰਮੇਵਾਰੀ ਵੀ ਲੈ ਲਈ ਹੈ ਤੇ ਇਸ ਕਤਲ ਨੂੰ ਸਿੱਧੂ ਮੂਸੇ ਵਾਲੇ ਕਤਲ ਨਾਲ ਵੀ ਜੋੜ ਦਿੱਤਾ ਗਿਆ ਹੈ ਪੰਜਾਬ ਸਰਕਾਰ ਪੰਜਾਬ ਪੁਲਿਸ ਸਰਕਾਰ ਕਾਤਲਾਂ ਤੱਕ ਪਹੁੰਚਦੀ ਹੈ ਕੀ ਅਸਲ ਗੱਲਬਾਤ ਬਾਹਰ ਨਿਕਲਦੀ ਹੈ ਇਸ ਦੀ ਉਡੀਕ ਰੱਖੀਏ। ਸਭ ਤੋਂ ਵੱਡੀ ਗੱਲ ਕਿ ਰਾਣਾ ਬਲਾਚੌਰੀਏ ਦਾ ਦਸ ਦਿਨ ਪਹਿਲਾਂ ਵਿਆਹ ਹੋਇਆ ਸੀ ਹਾਲੇ ਨਵੀਂ ਵਿਆਹੀ ਜੋੜੀ ਤੇ ਪਰਿਵਾਰ ਦੇ ਵਿਆਹ ਵਾਲੇ ਚਾਅ ਨਹੀਂ ਲੱਥੇ ਜਿਸ ਮਾਂ ਨੇ ਆਪਣੇ ਪੁੱਤਰ ਤੋਂ 10 ਦਿਨ ਪਹਿਲਾਂ ਪਾਣੀ ਵਾਰ ਕੇ ਪੀਤਾ ਸੀ ਅੱਜ ਉਸੇ ਘਰ ਵਿੱਚ ਉਸਦੀ ਲਾਸ਼ ਆ ਗਈ। ਨਵੀਂ ਵਿਆਹੀ ਦੁਲਹਨ ਦਾ ਕੀ ਕਸੂਰ ਜਿਸ ਦੀ ਹਾਲੇ ਮਹਿੰਦੀ ਦਿੱਤਾ ਫਿੱਕੀ ਵੀ ਨਹੀਂ ਪਈ ਚੂੜਾ ਨਹੀਂ ਲੱਥਾ ਤੇ ਉਹ ਗੁੰਮ ਸੁੰਮ ਹੈ। ਅਜਿਹੇ ਮਾਹੌਲ ਵਿੱਚ ਉਹੀ ਜਾਣਦਾ ਹੈ ਜਿਸ ਨਾਲ ਬੀਤਦੀ ਹੈ ਕੀ ਕਰੀਏ ਕੋਈ ਦਰਦੀ ਦਿਸਦਾ ਨਾ ਕਿਹਨੂੰ ਪੰਜਾਬ ਹਾਲ ਸੁਣਾਈਏ।

# ਸਿਆਸੀ ਲੀਡਰਾਂ ਦੀ ਬਿਆਨਬਾਜ਼ੀ ਅਤੇ ਆਮ ਲੋਕ

ਸਾਡੇ ਪੰਜਾਬ ਵਿੱਚ ਅੱਜ ਕੱਲ੍ਹ ਸਿਆਸੀ ਬਹਿਸਬਾਜ਼ੀ ਅਤੇ ਬਿਆਨਬਾਜ਼ੀਆਂ ਦਾ ਦੌਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋ ਗਿਆ ਹੈ। ਪਹਿਲਾਂ ਪਹਿਲ ਸਿਆਸੀ ਪਾਰਟੀਆਂ ਘੱਟ ਸਨ ਤੇ ਮੀਡੀਆ ਤੰਤਰ ਸਿਰਫ਼ ਅਖ਼ਬਾਰਾਂ, ਰਸਾਲਿਆਂ ਅਤੇ ਰੇਡੀਓ ਤੱਕ ਸੀਮਤ ਹੋਣ ਕਰਕੇ ਸਿਰਫ਼ ਵੋਟਾਂ ਪੈਣ ਸਮੇਂ ਹੀ ਸਿਆਸੀ ਮਾਹੌਲ ਗਰਮਾਉਂਦਾ ਸੀ। ਪਹਿਲਾਂ ਪਹਿਲ ਦਲ ਬਦਲੂ ਸਿਆਸੀ ਲੀਡਰ ਵੀ ਕੋਈ ਕੋਈ ਹੀ ਪੈਦਾ ਹੁੰਦਾ ਸੀ। ਅੱਜਕਲ੍ਹ ਤਾਂ ਹਰ ਦਿਨ ਹਰ ਘੰਟੇ ਸਿਆਸੀ ਮਾਹੌਲ ਗਰਮਾਇਆ ਹੀ ਰਹਿੰਦਾ ਹੈ। ਦਲ ਬਦਲੂਆਂ ਦੀ ਭਰਮਾਰ ਹੈ। ਜਿਹੜੇ ਪਹਿਲਾਂ ਇੱਕ ਪਾਰਟੀ ਦੇ ਗੀਗੇ ਗਾਉਂਦੇ ਹਨ,ਉਹੀ ਕੁਝ ਘੰਟਿਆਂ ਬਾਅਦ ਕਿਸੇ ਹੋਰ ਪਾਰਟੀ ਦਾ ਲੜ ਫੜ ਕੇ ਉਸੇ ਪਾਰਟੀ ਨੂੰ ਨਿੰਦਦੇ ਨਜ਼ਰ ਆਉਂਦੇ ਹਨ। ਕਈ ਸਿਆਸੀ ਲੀਡਰ ਤਾਂ ਇਹੋ ਜਿਹੇ ਹਨ ਜਿਨ੍ਹਾਂ ਨੇ ਕੋਈ ਪਾਰਟੀ ਬਦਲਣ ਤੋਂ ਛੱਡੀ ਹੀ ਨਹੀਂ। ਆਮ ਲੋਕਾਂ ਨੂੰ ਸਿਆਸੀ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਜਾਣ ਵਾਲੀਆਂ ਟਿੱਪਣੀਆਂ ਜਾਂ ਦੂਸ਼ਣਬਾਜ਼ੀਆਂ ਜਾਂ ਫਿਰ ਬਿਆਨਬਾਜ਼ੀਆਂ ਦਾ ਕੋਈ ਫਾਇਦਾ ਹੈ ਜਾਂ ਫਿਰ ਉਹਨਾਂ ਵੱਲੋਂ ਇੱਕ ਦੂਜੇ ਉੱਤੇ ਨਿਰੇ ਹਵਾਈ ਤੀਰ ਛੱਡ ਕੇ ਆਮ ਜਨਤਾ ਨੂੰ ਉਲਝਾਈ ਰੱਖਣ ਦੀ ਕੋਈ ਚਾਲ ਹੈ ਇਸ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ।

ਸਾਡਾ ਦੇਸ਼ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਜਿਸ ਵਿੱਚ ਆਮ ਲੋਕ, ਆਮ ਲੋਕਾਂ ਵਿੱਚੋਂ ,ਆਮ ਵਿਅਕਤੀ ਨੂੰ ਆਗੂ ਚੁਣ ਕੇ ਆਮ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਸਰਕਾਰ ਬਣਾਉਂਦੇ ਹਨ। ਆਮ ਲੋਕਾਂ ਵਿੱਚੋਂ ਨੇਤਾ ਜੀ ਇਸ ਕਰਕੇ ਚੁਣੇ ਜਾਂਦੇ ਹਨ ਤਾਂ ਜੋ ਉਹ ਵਿਧਾਨ ਸਭਾ, ਲੋਕ ਸਭਾ ਜਾਂ ਰਾਜ ਸਭਾ ਵਿੱਚ ਆਮ ਲੋਕਾਂ ਦੀਆਂ ਮੁਸ਼ਕਲਾਂ, ਲੋੜਾਂ ਅਤੇ ਮੁੱਦਿਆਂ ਨੂੰ ਸਹਿਜ ਸੁਭਾਅ ਪੇਸ਼ ਕਰ ਸਕਣ। ਸਮਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਣ, ਲੋਕਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਕਿਵੇਂ ਮੁਹੱਈਆ ਕਰਵਾਏ ਜਾਣ, ਲੋਕਾਂ ਦੀਆਂ ਸੁਖ ਸੁਵਿਧਾਵਾਂ ਦਾ ਧਿਆਨ ਰੱਖਿਆ ਜਾਵੇ, ਅਵਾਜਾਈ ਮਾਰਗਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਤਰੱਕੀ ਦੇ ਹੋਰ ਬਹੁਤ ਸਾਰੇ ਕੰਮ ਆਮ ਜਨਤਾ ਦੀ ਭਲਾਈ ਲਈ ਕੀਤੇ ਜਾਣ।

ਜਦੋਂ ਲੋਕ ਆਪਣੇ ਵਿੱਚੋਂ ਹੀ ਇੱਕ ਆਮ ਵਿਅਕਤੀ ਨੂੰ ਵੋਟਾਂ ਪਾ ਕੇ ਜਿਤਾ ਕੇ ਤੋਰਦੇ ਹਨ ਤਾਂ ਉਹਨਾਂ ਨੂੰ ਉਸ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਕਿ ਉਹ ਆਪਣੇ ਖੇਤਰ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੋਵੇਗਾ। ਇੱਕ ਲੀਡਰ ਬਣਨ ਤੋਂ ਬਾਅਦ ਉਹੀ ਆਮ ਵਿਅਕਤੀ ਬਹੁਤ ਖ਼ਾਸ ਬਣ ਜਾਂਦਾ ਹੈ। ਉਹੀ ਵਿਅਕਤੀ ਜਿਸ ਨੂੰ ਉਹਨਾਂ ਨੇ ਚੁਣ ਕੇ ਭੇਜਿਆ ਹੁੰਦਾ ਹੈ ,ਉਹੀ ਉਹਨਾਂ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਂਦਾ ਹੈ। ਆਮ ਲੋਕਾਂ ਦੀਆਂ ਮੁਸ਼ਕਲਾਂ,ਕੰਮ ਜਾਂ ਮੁੱਦੇ ਉਵੇਂ ਦੀ ਉਵੇਂ ਹੀ ਰਹਿੰਦੇ ਹਨ । ਸਾਡੇ ਲੀਡਰ ਸਾਹਿਬਾਨਾਂ ਦਾ ਆਪਣੀ ਆਪਣੀ ਪਾਰਟੀ ਦਾ ਅਸਿੱਧੇ ਤੌਰ ਤੇ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ, ਦੂਜੀਆਂ ਪਾਰਟੀਆਂ 'ਤੇ ਦੂਸ਼ਣਬਾਜ਼ੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਆਮ ਲੋਕ ਆਪਣੇ ਸਾਰੇ ਮੁੱਦੇ ਭੁੱਲ ਭੁਲਾ ਕੇ ਮੂਕ ਦਰਸ਼ਕ ਬਣ ਕੇ ਰਹਿ ਜਾਂਦੇ ਹਨ। ਸਾਡੇ ਸਿਆਸਤਦਾਨ ਬਹੁਤ ਸਮਝਦਾਰ ਹਨ। ਉਹਨਾਂ ਨੂੰ ਪਤਾ ਹੈ ਕਿ ਅਸੀਂ ਜਨਤਾ ਨੂੰ ਕਿਵੇਂ ਬੇਵਕੂਫ ਬਣਾਉਣਾ ਹੈ।ਸਭ ਤੋਂ ਪਹਿਲਾਂ ਤਾਂ ਉਹਨਾਂ ਨੂੰ ਇਹ ਵੀ ਪਤਾ ਹੈ ਕਿ ਵੋਟਾਂ ਲੈਣ ਵੇਲੇ ਲੋਕਾਂ ਨੂੰ ਕਿਵੇਂ ਭਰਮਾਉਣਾ ਹੈ। ਆਮ ਲੋਕਾਂ ਅੱਗੇ ਸਿਆਸੀ ਬੁਰਕੀਆਂ ਸੁੱਟੀਆਂ ਜਾਂਦੀਆਂ ਹਨ। ਹਰ ਪਾਰਟੀ ਦਾ ਆਪਣਾ ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਲੋਕਾਂ ਨੂੰ ਮੁਫ਼ਤ ਰਾਸ਼ਨ ,ਬਿਜਲੀ ਤੋਂ ਲੈਕੇ ਖਾਤਿਆਂ ਵਿੱਚ ਪੈਸੇ ਪਾਉਣ ਦੇ ਲਾਲਚ ਦਿੱਤੇ ਜਾਂਦੇ ਹਨ। ਸਾਡੇ ਦੇਸ਼ ਵਿੱਚ ਹਜੇ ਤੱਕ ਅਜਿਹਾ ਕੋਈ ਕਾਨੂੰਨ ਨਹੀਂ ਬਣਿਆ ਜਿਸ ਵਿੱਚ ਸਰਕਾਰ ਬਣਾਉਣ ਵਾਲੀਆਂ ਪਾਰਟੀਆਂ ਤੋਂ ਕਾਨੂੰਨੀ ਤੌਰ ਉੱਤੇ ਮੈਨੀਫੈਸਟੋ ਵਿੱਚ ਜਾਰੀ ਕੀਤੇ ਦਾਅਵੇ ਅਤੇ ਵਾਅਦੇ ਸੌ ਪ੍ਰਤੀਸ਼ਤ ਪੂਰੇ ਕਰਵਾਏ ਜਾਣ। ਸੋ ਮੈਨੀਫੈਸਟੋ ਤਾਂ ਸਿੱਧੇ ਤੌਰ ਤੇ ਆਮ ਲੋਕਾਂ ਨਾਲ ਨਿਰਾ ਮਜ਼ਾਕ ਹੀ ਸਾਬਤ ਹੁੰਦਾ ਹੈ।

ਅੱਜਕਲ੍ਹ ਇਲੈਕਟ੍ਰਾਨਿਕ ਮੀਡੀਆ ਦਾ ਯੁੱਗ ਹੈ। ਸਾਡੇ ਲੀਡਰ ਸਾਹਿਬਾਨ ਬਿਆਨਬਾਜ਼ੀ ਅਤੇ ਦੂਸ਼ਣਬਾਜੀ ਕੁਝ ਜ਼ਰੂਰਤ ਤੋਂ ਜ਼ਿਆਦਾ ਹੀ ਕਰਨ ਲੱਗ ਪਏ ਹਨ। ਆਮ ਲੋਕਾਂ ਦਾ ਧਿਆਨ ਆਪਣੇ ਮੁੱਦਿਆਂ ਅਤੇ ਸਮੱਸਿਆਵਾਂ ਵੱਲ ਤਾਂ ਜਾਂਦਾ ਹੀ ਨਹੀਂ। ਕੋਈ ਵੀ ਇੱਕ ਪਾਰਟੀ ਦਾ ਲੀਡਰ ਉੱਠ ਕੇ ਆਪਣੀ ਹੀ ਪਾਰਟੀ ਦੇ ਲੀਡਰ ਤੇ ਜਾਂ ਫਿਰ ਵਿਰੋਧੀ ਪਾਰਟੀ ਦੇ ਲੀਡਰ ਤੇ ਦੂਸ਼ਣਬਾਜ਼ੀ ਕਰਦਾ ਹੈ, ਵਿਵਾਦ ਉਤਪੰਨ ਹੁੰਦੇ ਹਨ। ਉਸ ਨੂੰ ਇਲੈਕਟ੍ਰਾਨਿਕ ਮੀਡੀਆ ਉਸੇ ਸਮੇਂ ਵੱਡੇ ਵੱਡੇ ਅੱਖਰਾਂ ਵਿੱਚ ਬ੍ਰੇਕਿੰਗ ਨਿਊਜ਼ ਬਣਾ ਕੇ ਪੇਸ਼ ਕਰਦਾ ਹੈ। ਫਿਰ ਕੰਮ ਇੱਥੇ ਹੀ ਨਹੀਂ ਰੁਕਦਾ। ਫਿਰ ਜਿਸ ਬਾਰੇ ਬਿਆਨਬਾਜ਼ੀ ਕੀਤੀ ਹੁੰਦੀ ਹੈ ਸਾਡਾ ਮੀਡੀਆ ਉਹਨਾਂ ਕੋਲ ਪਹੁੰਚ ਕੇ ਜਵਾਬ ਲੈਂਦਾ ਹੈ । ਫਿਰ ਉਸ ਦੀ ਬ੍ਰੇਕਿੰਗ ਨਿਊਜ਼ ਬਣਦੀ ਹੈ । ਕੰਮ ਇੱਥੇ ਵੀ ਨਹੀਂ ਰੁਕਦਾ , ਫਿਰ ਉਹਨਾਂ ਉਹਨਾਂ ਦੀਆਂ ਸਿਆਸੀ ਪਾਰਟੀਆਂ ਦੇ ਹੋਰ ਆਗੂਆਂ ਦੇ ਬਿਆਨ ਲਏ ਜਾਂਦੇ ਹਨ। ਉਸ ਤੋਂ ਵੀ ਅੱਗੇ ਫਿਰ ਸਾਰੇ ਨਿਊਜ਼ ਚੈਨਲਾਂ ਤੇ ਬਹੁਤ ਹੀ ਦਿਲਚਸਪ ਢੰਗ ਨਾਲ ਡੀਬੇਟਾਂ ਕੀਤੀਆਂ ਜਾਂਦੀਆਂ ਹਨ। ਆਮ ਲੋਕ ਬੈਠ ਕੇ ਬਹੁਤ ਹੀ ਦਿਲਚਸਪ ਸੀਰੀਅਲਾਂ ਵਾਂਗ ਉਹਨਾਂ ਨੂੰ ਟੀ ਵੀ ਤੇ ਜਾਂ ਫ਼ੋਨਾਂ ਤੇ ਵੇਖਦੇ ਹਨ। ਉਹ ਵੀ ਆਪਣੇ ਹੱਕਾਂ ਅਤੇ ਮੁੱਦਿਆਂ ਨੂੰ ਭੁੱਲ ਜਾਂਦੇ ਹਨ ਕਿ ਜਿਹਨਾਂ ਖ਼ਾਤਰ ਉਹਨਾਂ ਨੇ ਉਹਨਾਂ ਨੂੰ ਚੁਣ ਕੇ ਭੇਜਿਆ ਸੀ । ਉਹ ਮਸਲਾ ਠੰਢਾ ਪੈਣ ਲੱਗਦਾ ਹੈ ਤਾਂ ਕੋਈ ਹੋਰ ਇਹੋ ਜਿਹਾ ਮਸਲਾ ਤਿਆਰ ਹੋ ਜਾਂਦਾ ਹੈ। ਆਮ ਲੋਕਾਂ ਦਾ ਤਾਂ ਸਾਰਾ ਦਿਨ ਆਪਣੇ ਕੰਮਾਂ ਕਾਰਾਂ ਦੇ ਨਾਲ ਨਾਲ ਸਿਆਸੀ ਆਗੂਆਂ ਦੀਆਂ ਬਿਆਨਬਾਜ਼ੀਆਂ ਅਤੇ ਡੀਬੇਟਾਂ ਸੁਣ ਕੇ ਲੰਘ ਜਾਂਦਾ ਹੈ। ਜਿਹੜੇ ਆਗੂ ਨੂੰ ਉਹਨਾਂ ਨੇ ਆਪਣੇ ਵਿੱਚੋਂ ਚੁਣ ਕੇ ਭੇਜਿਆ ਹੁੰਦਾ ਹੈ ਉਹ ਤਾਂ ਉਹਨਾਂ ਤੋਂ ਬਹੁਤ ਅਮੀਰ ਹੋ ਚੁੱਕਿਆ ਹੁੰਦਾ ਹੈ ਤੇ ਮੁੜ ਕੇ ਤਾਂ ਵੋਟਾਂ ਦੇ ਸਮੇਂ ਹੀ ਉਹਨਾਂ ਦੇ ਮੱਥੇ ਲੱਗਦਾ ਹੈ। ਮੁੱਕਦੀ ਗੱਲ ਇਹ ਹੈ ਕਿ ਲੀਡਰਾਂ ਦੀਆਂ ਇੱਕ ਦੂਜੇ ਉੱਤੇ ਕੀਤੀਆਂ ਟਿੱਪਣੀਆਂ ਜਾਂ ਬਿਆਨਬਾਜ਼ੀਆਂ ਆਮ ਲੋਕਾਂ ਦੇ ਕਿਸ ਕੰਮ ਦੀਆਂ ਹਨ? ਕੀ ਉਸ ਵਿੱਚੋਂ ਇੱਕ ਪ੍ਰਤੀਸ਼ਤ ਵੀ ਆਮ ਲੋਕਾਂ ਨੂੰ ਕੁਝ ਪ੍ਰਾਪਤ ਹੁੰਦਾ ਹੈ? ਨਹੀਂ, ਸਗੋਂ ਇਸ ਤੋਂ ਉਲਟ ਉਹ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਹਨ,ਉਹ ਆਪਣੇ ਮੁੱਦਿਆਂ ਤੋਂ ਭਟਕ ਜਾਂਦੇ ਹਨ ਤੇ ਉਹ ਭੁੱਲ ਜਾਂਦੇ ਹਨ ਕਿ ਉਹਨਾਂ ਨੇ ਆਗੂਆਂ ਦੀ ਚੋਣ ਕਿਸ ਮਕਸਦ ਲਈ ਕਰਕੇ ਭੇਜਿਆ ਸੀ। ਉਹ ਮੂਕ ਦਰਸ਼ਕ ਬਣ ਕੇ ਬਹੁਤ ਦਿਲਚਸਪੀ ਨਾਲ ਇਸ ਸਭ ਨੂੰ ਸੁਣਦੇ ਹਨ,ਖੁੰਢ ਚਰਚਾ ਕਰਦੇ ਹੋਏ ਜਾਂ ਦੋਸਤਾਂ ਮਿੱਤਰਾਂ ਅਤੇ ਪਰਿਵਾਰਾਂ ਨਾਲ ਬੈਠ ਕੇ ਚਰਚਾ ਕਰਦੇ ਹੋਏ ਆਪ ਵੀ ਅਸਿੱਧੇ ਤੌਰ ਤੇ ਉਹਨਾਂ ਦਾ ਹਿੱਸਾ ਬਣ ਜਾਂਦੇ ਹਨ। ਜਿਸ ਨਾਲ ਉਹਨਾਂ ਦਾ ਟਾਈਮ ਪਾਸ ਤਾਂ ਵਧੀਆ ਹੁੰਦਾ ਹੈ ਪਰ ਨੈਤਿਕ ਤੌਰ ਤੇ ਕੋਈ ਫਾਇਦਾ ਨਹੀਂ ਹੁੰਦਾ।



ਬਰਜਿੰਦਰ ਕੌਰ ਬਿਸਰਾਓ...
9988901324

# ਚਿੜੀਆਂ ਦਾ ਮਰਨ-ਗਵਾਰਾਂ ਦਾ ਹਾਸਾ






ਅੰਜ਼ੀਰ ਖਾਣ ਨਾਲ ਤਾਕਤਵਰ ਹੋਵੇ ਬੰਦਾ, ਬਦਾਮ ਖਾਣ ਨਾਲ ਹੁੰਦੀ, ਤੇਜ ਤਰਾਰ ਦਿਮਾਗ ਦੀ ਆਸ। ਅਫਗਾਨਿਸਤਾਨ ਵਿੱਚ, ਉੱਗਦੇ ਹਨ ਇਹ ਸਭ, ਪਰ ਉਥੋਂ ਦੇ ਲੋਕ,ਹੁੰਦੇ ਸਿਰੇ ਦੇ ਬੇਵਕੂਫ,ਇਸ ਨਾਲ ਖਤਮ ਹੁੰਦਾ ਵਿਸ਼ਵਾਸ। ਅਡਾਨੀ, ਅੰਬਾਨੀ, ਮੋਦੀ ਤੇ ਸ਼ਾਹ ਦੀ ਤਰੱਕੀ ਨੂੰ ਦੇਖੀਏ। ਜਲੇਬੀ,ਢੋਕਲਾ,ਥੇਪਲਾ,ਪਾਪੜ ਹੀ ਵੇਚੀਏ। ਤੰਦਰੁਸਤ ਸਰੀਰ ਵਿੱਚ ਹੁੰਦਾ ਤੰਦਰੁਸਤ ਦਿਮਾਗ ਦਾ ਵਾਸਾ। ਚਿੜੀਆਂ ਦਾ ਮਰਨ ਗਵਾਰਾਂ ਦਾ ਹਾਸਾ। ਸੰਜੋਗਾਂ ਦੀ ਹੁੰਦੀ ਗੱਲ ਸਾਰੀ, ਕੌਣ ਕਿਸੇ ਨੂੰ ਵਿਆਹੇ। ਦੁਨੀਆਂ ਵਿੱਚ ਨਰੜ ਬਥੇਰੇ, ਕੌਣ ਉਨ੍ਹਾਂ ਨੂੰ ਸਮਝਾਵੇ।ਜੇ ਤਕੜਾ ਤਕੜੇ ਨੂੰ ਮਾਰੇ ਤਾਂ ਮਨ ਵਿੱਚ ਰੋਸ ਨਾ ਹੋਈ। ਕਮਜ਼ੋਰ ਤੇ ਮਿਹਰ, ਜੇ ਉਸਦੀ ਹੋਵੇ, ਪਹੁੰਚੇ ਮੰਜ਼ਿਲ ਤੇ, ਬਿਨਾਂ ਢੋਈ। ਜਾਨ ਜੋਖਮ ਵਿੱਚ ਪਾ ਕੇ ਤੁਰਨ ਵਾਲੇ ਤੁਰੇ ਰਹਿੰਦੇ। ਸ਼ਸ਼ੋਪੰਜ ਵਿੱਚ ਪੈਣ ਜਿਹੜੇ, ਮੰਜ਼ਿਲ ਤੋਂ ਹਮੇਸ਼ਾਂ ਪਰੇ ਰਹਿੰਦੇ। ਐਵੇਂ ਭੁਲੇਖੇ ਵਿੱਚ ਨਾ ਰਹਿਓ,ਮੇਰ-ਤੇਰ ਕਿਸੇ ਦੀ, ਨਾ ਹੁੰਦੀ।ਲੋਟਣੀਆਂ ਖਾਂਦੇ ਜਾਵਣ, ਉਪਰ ਵਾਲਾ ਜੇ ਫ਼ਸਾ ਲਵੇ ਘੁੰਡੀ। ਇੱਕ ਤੇ ਇੱਕ ਗਿਆਰਾਂ ਹੋ ਜਾਂਦੇ, ਕਰਮ ਜਿਨਾਂ ਦੇ ਹੁੰਦੇ ਚੰਗੇ। ਪੱਤਣਾਂ ਤੇ ਰੋਣ ਖੜੀਆਂ,ਖਸਮ ਜਿਨ੍ਹਾਂ ਦੇ ਬੋਲਣ ਮੰਦੇ।



ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ :9878469639

# ਨਵੀਂ ਜ਼ਿੰਦਗੀ/ ਭਾਗ ਪਹਿਲਾ



ਰਾਣੋ ਦੀ ਮਾਂ ਘਰ ਦੇ ਵਿਹੜੇ ਵਿੱਚ ਪੱਖੀਆਂ ਨੂੰ ਝਾਲਰ ਲਗਾ ਰਹੀ ਹੈ। ਰਾਣੋ ਸਕੂਲੋਂ ਆਉਂਦੀ ਹੈ ਅਤੇ ਮੰਜੇ ਉੱਪਰ ਆਪਣਾ ਬਸਤਾ ਰੱਖ ਮਾਂ ਨਾਲ ਲਿਪਟ ਜਾਂਦੀ ਹੈ, "ਆ ਗਿਆ ਮੇਰਾ ਪੁੱਤ ਪੜ੍ਹਕੇ" ਰਾਣੋ ਦੀ ਮਾਂ ਕਹਿੰਦੀ ਹੈ। "ਹਾਂ ਮਾਂ ਆ ਗਈ, ਪਰ ਤੁਸੀਂ ਇਹ ਕੀ ਕਰ ਰਹੇ ਓ"। ਪੁੱਤ ਪੱਖੀਆਂ ਨੂੰ ਝਾਲਰ ਲਗਾ ਰਹੀ ਆ, ਤੇਰੇ ਲਈ ਦਾਜ ਤਿਆਰ ਕਰ ਰਹੀ ਆ, ਆਖਿਰ ਇੱਕ ਦਿਨ ਤੇਰਾ ਵਿਆਹ ਕਰਨਾ ਹੈ ਤੈਨੂੰ ਬਲਾ ਨੂੰ ਆਪਣੇ ਸਿਰੋਂ ਲਾਹ ਸੁੱਟਣਾ ਹੈ" ਰਾਣੋ ਦੀ ਮਾਂ ਮਸਕਰੀ ਕਰਦੀ ਹੋਈ ਬੋਲਦੀ ਹੈ।"। ਨਹੀਂ ਮਾਂ ਮੈਂ ਨਹੀਂ ਵਿਆਹ ਕਰਾਉਂਣਾ, ਮੈਂ ਤਾਂ ਅਜੇ ਪੜ੍ਹ ਲਿਖਕੇ ਕੁੱਝ ਬਨਣਾ, ਆਪਣੇ ਅਤੇ ਤੁਹਾਡੇ ਸੁਪਨੇ ਪੂਰੇ ਕਰਨੇ ਨੇ। ਰਾਣੋ ਦੀ ਮਾਂ ਰਾਣੋ ਦਾ ਮੱਥਾ ਚੁੰਮਦੀ ਹੈ ਅਤੇ ਕਹਿੰਦੀ ਹੈ ਹਾਂ ਪੁੱਤ ਮੈਂ ਤੈਨੂੰ ਪੜ੍ਹਾ ਲਿਖਾ ਕੇ ਵੱਡਾ ਅਫ਼ਸਰ ਬਨਾਉਣਾ। ਰਾਣੋ ਮਾਂ ਹੱਥੋਂ ਪੱਖੀ ਖਿੱਚ ਪਾਸੇ ਰੱਖਦੀ ਹੈ ਅਤੇ ਮਾਂ ਦੀ ਗੋਦ ਵਿੱਚ ਆਪਣਾ ਸਿਰ ਰੱਖ ਲੇਟ ਜਾਂਦੀ ਹੈ। ਰਾਣੋ ਆਪਣੇ ਮਾਤਾ ਪਿਤਾ ਦੀ ਇੱਕਲੌਤੀ ਧੀ ਹੈ। ਜਿਸ ਕਰਕੇ ਸਾਰੇ ਉਸਨੂੰ ਬਹੁਤ ਲਾਡ ਪਿਆਰ ਕਰਦੇ ਹਨ। ਰਾਣੋ ਇੱਕ ਬਹੁਤ ਹੀ ਸੁਨੱਖੀ ਮੁਟਿਆਰ ਹੈ, ਜਿਸਦਾ ਰੰਗ ਗੋਰਾ ਨਾਛੋਰ ਮੂੰਹ, ਮੋਟੀਆਂ ਅੱਖਾਂ ਅਤੇ ਲੰਬੇ ਵਾਲ ਹਨ। ਰਾਣੋ ਪੜ੍ਹਨ ਵਿੱਚ ਵੀ ਬਹੁਤ ਹੁਸ਼ਿਆਰ ਹੁੰਦੀ ਹੈ ਅਤੇ ਹਰ ਸਾਲ ਆਪਣੀ ਕਲਾਸ ਵਿੱਚੋਂ ਸਭਨਾਂ ਨਾਲੋ ਚੰਗੇ ਅੰਕ ਪ੍ਰਾਪਤ ਕਰਦੀ ਹੈ।

ਰਾਣੋ ਆਪਣੇ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਆਪਣੀ ਮਾਂ ਨਾਲ ਘਰਦੇ ਨਿੱਕੇ- ਮੋਟੇ ਕੰਮ ਕਰਵਾ ਦਿੰਦੀ ਹੈ। ਰਾਣੋ ਦਾ ਸੁਭਾਅ ਸ਼ੁਰੂ ਤੋਂ ਹੀ ਹੱਸਮੁੱਖ ਹੈ ਅਤੇ ਉਹ ਹਰ ਸਮੇਂ ਆਪਣੇ ਘਰ ਵਿੱਚ ਨਿੱਕੀਆਂ-ਨਿੱਕੀਆਂ ਸ਼ਰਾਰਤਾਂ ਅਤੇ ਮਸਤੀਆਂ ਨਾਲ ਸਭ ਦਾ ਦਿਲ ਪਰਚਾਈ ਰੱਖਦੀ ਹੈ। ਹੁਣ ਰਾਣੋ ਬਾਰਵੀਂ ਜਮਾਤ ਵਿੱਚੋਂ ਵਧੀਆ ਨੰਬਰਾਂ ਨਾਲ ਪਾਸ ਹੁੰਦੀ ਹੈ ਅਤੇ ਆਪਣੇ ਪਿੰਡ ਨਾਲ ਲੱਗਦੇ ਸ਼ਹਿਰ ਦੇ ਸਰਕਾਰੀ ਕਾਲਜ ਵਿੱਚ ਬੀ. ਏ ਵਿੱਚ ਦਾਖਲਾ ਲੈਂਦੀ ਹੈ। ਰਾਣੋ ਆਪਣੇ ਪਿੰਡੋ ਸ਼ਹਿਰ ਲਈ ਬੱਸ ਲੈਂਦੀ ਅਤੇ ਬੱਸ ਸਟੈਂਡ ਤੋਂ ਪੈਦਲ ਆਪਣੇ ਕਾਲਜ ਵੱਲ ਜਾਂਦੀ ਹੈ। ਰਾਣੋ ਦੇ ਛੇ ਮਹੀਨੇ ਕਾਲਜ ਵਿੱਚ ਬਹੁਤ ਵਧੀਆ ਲੰਘਦੇ ਹਨ ਅਤੇ ਰਾਣੋ ਆਪਣੀ ਜਿੰਦਗੀ ਵਿੱਚ ਬਹੁਤ ਖੁਸ਼ ਹੁੰਦੀ ਹੈ। ਅੱਜ ਰਾਣੋ ਰੋਜ਼ਾਨਾ ਦੀ ਤਰ੍ਹਾਂ ਹੀ ਆਪਣੇ ਕਾਲਜ ਵੱਲ ਨੂੰ ਆ ਰਹੀ ਹੁੰਦੀ ਹੈ ਅਚਾਨਕ ਹੀ ਉਸਦੇ ਸਾਹ-ਮਣੇ ਇੱਕ ਗੱਡੀ ਰੁੱਕਦੀ ਹੈ ਅਤੇ ਉਸਨੂੰ ਜਬਰਦਸਤੀ ਚੁੱਕ ਗੱਡੀ ਵਿੱਚ ਸੁੱਟ ਲਿਆ ਜਾਂਦਾ ਹੈ ਅਤੇ ਕਿਸੇ ਸੁੰਨਸਾਨ ਜਗ੍ਹਾ ਲਿਜਾ ਉਸਦਾ ਰੇਪ ਕਰਦੇ ਹਨ ਅਤੇ ਦੁਬਾਰਾ ਵਾਪਿਸ ਉਸੇ ਥਾਂ ਸੁੱਟ ਜਾਂਦੇ ਹਨ। ਰਾਣੋ ਬਹੁਤ ਹੀ ਮਾੜੀ ਹਾਲਤ ਵਿੱਚ ਬੇਹੋਸ਼ ਸੜਕ ਕਿਨਾਰੇ ਪਈ ਦੇਖ ਕੁੱਝ ਲੋਕ ਉਸਦੇ ਦੁਆਲੇ ਇਕੱਠੇ ਹੋ ਜਾਂਦੇ ਹਨ ਅਤੇ ਉਸਨੂੰ ਹਸਪਤਾਲ ਦਾਖਲ ਕਰਵਾ ਦਿੰਦੇ ਹਨ। ਰਾਣੋ ਦਾ ਪਤਾ ਲੱਗਣ ਤੇ ਰਾਣੋ ਦਾ ਪਰਿਵਾਰ ਵੀ ਹਸਪਤਾਲ਼ ਪਹੁੰਚ ਜਾਂਦਾ ਹੈ ਜਿੱਥੇ ਰਾਣੋ ਦੀ ਹਾਲਤ ਬਹੁਤ ਗੰਭੀਰ ਹੁੰਦੀ ਹੈ। ਰਾਣੋ ਦੀ ਮਾਂ ਆਪਣੀ ਧੀ ਦੀ ਅਜਿਹੀ ਹਾਲਤ ਦੇਖ ਚੱਕਰ ਖਾ ਧਰਤੀ ਤੇ ਡਿੱਗ ਪੈਂਦੀ ਹੈ ਅਤੇ ਉੱਚੀ ਉੱਚੀ ਰੋਂਦੀ ਤੜਫ਼ਦੀ ਹੈ ਅਤੇ ਉਸਦੇ ਢਿੱਡੋਂ ਉਹਨਾਂ ਪਾਪੀਆ ਲਈ ਬਹੁਤ ਬਦ-ਦੁਆਵਾਂ ਨਿੱਕਲਦੀਆਂ ਹਨ। ਦੂਜੇ ਦਿਨ ਜਦੋਂ ਰਾਣੋ ਨੂੰ ਚੰਗੀ ਤਰ੍ਹਾਂ ਹੋਸ਼ ਆਉਂਦਾ ਹੈ ਤਾਂ ਰਾਣੋ ਆਪਣੀ ਮਾਂ ਦੇ ਗਲ ਲੱਗ ਕੇ ਬਹੁਤ ਰੋਂਦੀ ਹੈ ਅਤੇ ਥੋੜ੍ਹਾ ਥੋੜ੍ਹਾ ਸਦਮੇਂ ਵਿੱਚ ਚਲੀ ਜਾਂਦੀ ਹੈ। ਰਾਣੋ ਦੀ ਮਾਂ ਰਾਣੋ ਨੂੰ ਬਹੁਤ ਹੌਸਲਾ ਅਤੇ ਹਿੰਮਤ ਦਿੰਦੀ ਹੈ ਕੀ ਉਹ ਉਹਨਾ ਦਰਿੰਦਿਆਂ ਨੂੰ ਸਜ਼ਾ ਜਰੂਰ ਦਵਾਉਣਗੇ। ਰਾਣੋ ਦੀ ਮਾਂ ਅਤੇ ਪਿਤਾ ਉਹਨਾਂ ਖ਼ਿਲਾਫ਼ ਰਿਪੋਰਟ ਲਿਖਾਉਂਦੇ ਹਨ, ਪਰ ਪੁਲਿਸ ਓਹਨਾਂ ਨੂੰ ਲੱਭਣ ਵਿੱਚ ਅਸਮਰੱਥ ਰਹਿੰਦੀ ਹੈ ਅਤੇ ਰਾਣੋ ਦਾ ਪਰਿਵਾਰ ਟੁੱਟਕੇ ਸਬਰ ਦਾ ਘੁੱਟ ਭਰਕੇ ਬੈਠ ਜਾਂਦਾ ਹੈ। ਆਂਢ ਗੁਆਂਢ ਦੇ ਲੋਕ ਰਾਣੋ ਨਾਲ ਹੋਈ ਇਸ ਮਾੜੀ ਘਟਨਾ ਦਾ ਅਫ਼ਸੋਸ ਕਰਨ ਆਉਂਦੇ ਹਨ ਅਤੇ ਕੁੱਝ ਕਹਿੰਦੇ ਹਨ ਤੁਸੀਂ ਕੀ ਲੈਣਾ ਸੀ ਹੋਰ ਪੜ੍ਹਾ ਕੇ, ਬਾਰਵੀਂ ਕੱਢੀ ਵਿਆਹ ਕਰ ਦਿੰਦੇ ਅੱਜ ਆ ਦਿਨ ਤਾਂ ਨਾ ਦੇਖਦੇ, ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਲੋਕ ਰਾਣੋ ਦੇ ਘਰ ਆ ਬੋਲਦੇ ਜਿਸਦਾ ਰਾਣੋ ਅਤੇ ਉਸਦੇ ਪਰਿਵਾਰ ਨੂੰ ਬਹੁਤ ਦੁੱਖ ਹੁੰਦਾ, ਸਾਰਾ ਦਿਨ ਹੱਸਣ ਖੇਡਣ ਵਾਲੀ ਰਾਣੋ ਹੁਣ ਗੁੰਮ ਸੁੰਮ ਜਹੀ ਰਹਿਣ ਲੱਗੀ ਸੀ ਨਾ ਢੰਗ ਨਾਲ ਕੁੱਝ ਖਾਂਦੀ ਪੀਦੀਂ ਨਾ ਸੌਂਦੀ, ਕੁੱਝ ਕ ਦਿਨਾਂ ਚ ਹੀ ਸੁੱਕ ਹੱਡੀਆਂ ਬਾਹਰ ਆ ਗਈਆ ਸੀ। ਕਦੀ-ਕਦੀ ਰਾਣੋ ਬਹੁਤ ਰੋਂਦੀ ਅਤੇ ਸੋਚਦੀ ਕੀ ਕਿਸੇ ਖੂਹ ਖਾਤੇ ਜਾ ਡੁੱਬ ਮਰੇ ਉਸਦੇ ਸਾਰੇ ਸੁਪਨੇ ਟੁੱਟ ਗਏ ਸੀ ਕਾਲਜ ਛੁੱਟ ਗਿਆ ਸੀ। ਰਾਣੋ ਦੀ ਮਾਂ ਆਪਣੀ ਧੀ ਦੀ ਹਾਲਤ ਦੇਖ ਬਹੁਤ ਤੜਫ਼ਦੀ ਪਰ ਖੁਦ ਚ ਹਿੰਮਤ ਭਰ ਰਾਣੋ ਨੂੰ ਹੌਸਲਾ ਦਿੰਦੀ ਉਸਨੂੰ ਖੁਸ਼ ਰੱਖਣ ਦੀ ਪੂਰੀ ਕੋਸ਼ਿਸ਼ ਕਰਦੀ ਪਰ ਰਾਣੋ ਦੇ ਦਿਲ ਵਿੱਚ ਉਸ ਘਟਨਾ ਨੇ ਘਰ ਕਰ ਲਿਆ ਸੀ, ਪਰ ਰਾਣੋ ਦੀ ਮਾਂ ਨੇ ਹਿੰਮਤ ਨਹੀਂ ਹਾਰੀ ਉਸਨੇ ਆਪਣੀ ਧੀ ਨੂੰ ਹੌਸਲਾ ਦਿੱਤਾ ਅਤੇ ਉਸਨੂੰ ਦੁਬਾਰਾ ਕਾਲਜ ਜਾਣ ਲਈ ਤਿਆਰ ਕੀਤਾ।

ਅੱਜ ਰਾਣੋ ਬਹੁਤ ਦਿਨਾਂ ਬਾਅਦ ਆਪਣੇ ਘਰੋਂ ਆਪਣੇ ਪਿਤਾ ਜੀ ਨਾਲ ਕਾਲਜ ਲਈ ਨਿੱਕਲੀ, ਉਸਨੂੰ ਇੰਝ ਲੱਗਦਾ ਸੀ ਜਿਵੇਂ ਸਾਰੇ ਲੋਕ ਉਸਨੂੰ ਹੀ ਤੱਕਦੇ ਹੋਣ। ਕਾਲਜ ਪਹੁੰਚਣ ਤੇ ਉਸਦੇ ਨਾਲ ਪੜ੍ਹਦੀਆਂ ਕੁੜੀਆਂ ਦੁਆਰਾ ਵੀ ਉਸਨੂੰ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ ਹਨ ਅਤੇ ਉਸ ਘਟਨਾ ਨੂੰ ਤਾਜ਼ਾ ਕੀਤਾ ਜਾਂਦਾ ਹੈਂ ਜਿਸ ਨਾਲ ਰਾਣੋ ਦੇ ਦਿਲ ਨੂੰ ਬਹੁਤ ਠੇਸ ਪਹੁੰਚਦੀ ਹੈ। ਰਾਣੋ ਦਾ ਸਾਰਾ ਦਿਨ ਕਾਲਜ ਵਿੱਚ ਸਹਿਮ ਵਿੱਚ ਲੰਘਦਾ ਹੈ ਅਤੇ ਉਸਦਾ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਜਾਂਦਾ ਜਿਸਦੇ ਕਾਰਨ ਰਾਣੋ ਫੇਰ ਹੌਸਲਾ ਹਾਰ ਜਾਂਦੀ ਹੈ ਤੇ ਕਾਲਜ ਜਾਣਾ ਬੰਦ ਕਰ ਦਿੰਦੀ ਹੈ।

ਕੁੱਝ ਸਾਲਾਂ ਬਾਅਦ ਰਾਣੋ ਦੇ ਪਿਤਾ ਨੇ ਰਾਣੋ ਲਈ ਰਿਸ਼ਤਾ ਦੇਖਿਆ, ਜਦੋਂ ਉਹਨਾਂ ਨੂੰ ਰਾਣੋ ਦੇ ਰੇਪ ਬਾਰੇ ਪਤਾ ਲੱਗਾ ਓਹਨਾਂ ਰਿਸ਼ਤਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸਤੋ ਬਾਅਦ ਜਿੰਨੇ ਵੀ ਚੰਗੇ ਰਿਸ਼ਤੇ ਦੇਖੇ ਹਰ ਕੋਈ ਰਾਣੋ ਦਾ ਅਤੀਤ ਜਾਣ ਉਸਦੇ ਨਾਲ ਵਿਆਹ ਕਰਵਾਉਣ ਤੋਂ ਇੰਨਕਾਰ ਕਰ ਦਿੰਦਾ, ਭਾਵੇਂ ਦਿਨ ਅਤੇ ਸਾਲ ਲੰਘ ਚੁੱਕੇ ਸੀ ਪਰ ਰਾਣੋ ਦਾ ਅਤੀਤ ਅੱਜ ਵੀ ਉਸਦੇ ਨਾਲ ਚੱਲ ਰਿਹਾ ਸੀ ਜਿਸਨੇ ਉਸਦੀਆਂ ਸਾਰੀਆਂ ਖੁਸ਼ੀਆਂ ਨੂੰ ਖਾ ਲਿਆ ਸੀ। ਰਾਣੋ ਦਿਨ - ਰਾਤ ਉਸ ਮਨਹੂਸ ਦਿਨ ਨੂੰ ਯਾਦ ਕਰਕੇ ਤੜਫ਼ਦੀ ਉਸਨੂੰ ਉਦੋਂ ਹੋਰ ਦੁੱਖ ਹੁੰਦਾ ਜਦੋਂ ਯਾਦ ਆਉਂਦਾ ਕੀ ਓਹਨਾਂ ਨੂੰ ਕੋਈ ਸਜ਼ਾ ਨਹੀਂ ਮਿਲੀ, ਓਹ ਰਾਕਸ਼ ਉਸਦੀ ਜ਼ਿੰਦਗੀ ਤਬਾ ਕਰ ਸ਼ਰੇਆਮ ਖੁੱਲ੍ਹੇ ਘੁੰਮ ਰਹੇ ਸਨ ਪਤਾ ਨਹੀਂ ਉਸਦੇ ਜਹੀਆਂ ਹੋਰ ਕਿੰਨੀਆਂ ਕੁੜੀਆਂ ਦੀ ਜ਼ਿੰਦਗੀ ਨਰਕ ਬਣਾ ਦੇਣਗੇ, ਰਾਣੋ ਦੇ ਅੰਦਰੋ ਇੱਕ ਲੰਬਾ ਹੌਕਾ ਨਿਕਲ਼ਦਾ ਹੈ ਅਤੇ ਆਪਣੀਆਂ ਅੱਖਾਂ ਵਿੱਚੋ ਹੰਝੂ ਪੂੰਝਦੀ ਸੌਣ ਲਈ ਲੇਟ ਜਾਂਦੀ ਹੈ।

ਸਵੇਰ ਦੇ ਨੌ ਵੱਜ ਚੁੱਕੇ ਸੀ ਸਾਜਰੇ ਛੇ ਵਜੇ ਉੱਠਣ ਵਾਲੀ ਰਾਣੋ ਅੱਜ ਬੇਫ਼ਿਕਰ ਸੌ ਰਹੀ ਸੀ, ਰਾਣੋ ਦੀ ਮਾਂ ਨੇ ਰਾਣੋ ਨੂੰ ਪਿਆਰ ਕਰਦੇ ਮੱਥੇ ਨੂੰ ਛੋਹਿਆ ਉਸਨੂੰ ਬਹੁਤ ਜਿਆਦਾ ਬੁਖ਼ਾਰ ਸੀ ਰਾਣੋ ਦਾ ਪੂਰਾ ਸਰੀਰ ਅੱਗ ਵਾਂਗ ਤਪ ਰਿਹਾ ਸੀ, ਰਾਣੋ ਦੀ ਮਾਂ ਨੇ ਰਾਣੋ ਦੇ ਪਿਤਾ ਨੂੰ ਜਲਦੀ ਡਾਕਟਰ ਲੈਕੇ ਆਉਣ ਲਈ ਕਿਹਾ ਅਤੇ ਆਪ ਰਾਣੋ ਦੇ ਮੱਥੇ ਠੰਢੇ ਪਾਣੀ ਦੀਆਂ ਪੱਟੀਆਂ ਕਰਨ ਲੱਗੀ। ਰਾਣੋ ਨੇ ਅੱਧ ਬੇਹੋਸ਼ੀ ਹਾਲਤ ਵਿੱਚ ਅੱਖਾਂ ਖੋਲ੍ਹੀਆਂ ਤੇ ਆਪਣੀ ਮਾਂ ਦਾ ਹੱਥ ਆਪਣੇ ਹੱਥਾਂ ਵਿੱਚ ਘੁੱਟ ਕਿਹਾ "ਮਾਂ ਮੈਨੂੰ ਸਮਝ ਨਹੀਂ ਆ ਰਿਹਾ ਮੇਰਾ ਕਸੂਰ ਕੀ ਏ, ਜੋ ਮੇਰੇ ਨਾਲ ਹੋਇਆ ਉਸ 'ਚ ਮੇਰਾ ਕੀ ਦੋਸ਼ ਏ ਇੱਕ ਤਾਂ ਮੇਰੇ ਨਾਲ ਓਹਨਾ ਦਰਿੰਦਿਆਂ ਗਲਤ ਕੀਤਾ ਤੇ ਦੂਜਾ ਸਮਾਜ ਨੇ।....... (ਚੱਲਦਾ)



**ਮਨਪ੍ਰੀਤ ਕੌਰ**
**ਪਿੰਡ: ਬਖਸ਼ੀਵਾਲਾ, ਜਿਲ੍ਹਾ ਸੰਗਰੂਰ।**
**ਮੋ. ਨੰ. 84271-35578**

# ਪਿੰਡ ਦਾ ਜਿੰਨ ਫੜਿਆ– ਮਾਸਟਰ ਪਰਮ ਵੇਦ

ਮੈਨੂੰ ਯਾਦ ਹੈ ਕਿ ਕਾਫੀ ਸਾਲ ਪਹਿਲਾਂ ਜਦ ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲਹਿਰਾਗਾਗੇ ਵਿਚ ਕੰਮ ਕਰਦਾ ਸੀ, ਇਕਾਈ ਕੋਲ ਹਰਿਆਣੇ ਦੇ ਸ਼ਹਿਰ ਟੁਹਾਣੇ ਨੇੜਲੇ ਪਿੰਡ ਖਨੌਰੇ ਦੀ ਪੰਚਾਇਤ ਆਈ

ਤੇ ਕਹਿੰਦੀ ,"ਸਾਡੇ ਪਿੰਡ ਬਹੁਤ ਵੱਡਾ ਜਿੰਨ ਆ ਗਿਆ ਹੈ, ਉਹ ਕਦੇ ਕੁੱਤਾ ਬਣ ਜਾਂਦਾ ਤੇ ਕਦੇ ਬਿੱਲਾ।ਅਸੀਂ ਪਿੰਡ ਵਾਲੇ ਅਸਲੇ ਸਮੇਤ ਕੋਠਿਆਂ ਤੇ ਚੜ੍ਹ ਕੇ ਸੌਂਦੇ ਹਾਂ, ਬਹੁਤ ਸਿਆਣਿਆਂ ਨੂੰ ਬੁਲਾਇਆ ਹੈ ਪਰ ਕੋਈ ਵੀ ਜਿੰਨ ਨੂੰ ਫੜ ਨਹੀਂ ਸਕਿਆ। ਅਸੀਂ ਪਿੰਡ ਦੇ ਬਹੁਤ ਸਾਰੇ ਕੁੱਤੇ,ਬਿੱਲੇ ਖਤਮ ਕਰ ਦਿੱਤੇ ਹਨ। ਜਿੰਨ ਕਾਬੂ ਨਹੀਂ ਆਉਂਦਾ। ਅਸੀਂ ਰਾਤ ਨੂੰ ਪਹਿਰਾ ਵੀ ਦਿੰਦੇ ਹਾਂ ,ਪਰ ਸਾਡੀ ਸਮਝ ਵਿੱਚ ਨਹੀਂ ਆ ਰਿਹਾ ਹੈ। ਸਾਡੇ ਬਹੁਤ ਸਾਰੇ ਪਰਿਵਾਰ ਪਿੰਡ ਛੱਡਣ ਦੀ ਤਿਆਰੀ ਵਿੱਚ ਬੈਠੇ ਨੇ।" ਇਕ ਅਖ਼ਬਾਰ ਵਿਚ ਖ਼ਬਰ ਵੀ ਲੱਗ ਚੁੱਕੀ ਸੀ ਕਿ ਪਿੰਡ ਦੇ ਜਿੰਨ ਨੇ ਬਹੁਤ ਸਾਰੀਆਂ ਔਰਤਾਂ ਜ਼ਖਮੀ ਕਰ ਦਿੱਤੀਆਂ ਹਨ ਤੇ ਉਹ ਟੋਹਾਣੇ ਦੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਦੋ ਦਿਨ ਬਾਅਦ ਮੇਰੀ ਅਗਵਾਈ ਵਿੱਚ ਦੇਸ ਰਾਜ ,ਰਾਣਾ ਸਿੰਘ,ਜਗਦੀਸ਼ ਸਿੰਘ ,ਗੁਰਮੇਲ ਸਿੰਘ ਆਧਾਰਿਤ ਤਰਕਸ਼ੀਲ ਟੀਮ ਤਿੰਨ ਮੋਟਰਸਾਇਕਲਾਂ , ਸਕੂਟਰਾਂ 'ਤੇ ਸੰਬੰਧਿਤ ਪਿੰਡ ਪਹੁੰਚੀ।

ਰਸਤੇ ਵਿੱਚ ਅਸੀਂ ਦੇਸ ਰਾਜ ਛਾਜਲੀ ਦੇ ਜਾਣੂੰ ਦੇ ਪਿੰਡ ਰੁਕੇ , ਲੱਸੀ ਪੀਤੀ ਤੇ ਜਾਣ ਲੱਗਿਆਂ ਕਿਹਾ, " ਆਓ ਖਨੌਰੇ ਦਾ ਜਿੰਨ ਫੜ ਕੇ ਲਿਆਈਏ,ਅਸੀਂ ਖਨੌਰੇ ਦਾ ਜਿੰਨ ਫੜਨ ਆਏ ਹਾਂ ।"

ਉਨਾਂ ਨੇ ਕਿਹਾ," ਜਿੰਨ ਬੜਾ ਖਤਰਨਾਕ ਹੈ, ਬੱਚ ਕੇ ਰਈਓ। ਤੁਹਾਡੇ ਸਕੂਟਰਾਂ ਦੇ ਪਟਾਕੇ ਪਾ ਸਕਦੈ।" ਅਸੀਂ ਕਿਹਾ ਸਾਡੇ ਨਾਲ ਚੱਲੋ, ਕੁੱਝ ਨਹੀਂ ਹੋਵੇਗਾ।ਆਪਾਂ ਫੜ ਕੇ ਲਿਆਵਾਂਗੇ।ਉਹ ਸਹਿਮਤ ਨਾ ਹੋਏ।ਅਸੀਂ ਖਨੌਰੇ ਸਰਪੰਚ ਦੇ ਘਰ ਪਹੁੰਚ ਗਏ ।ਅਸੀਂ ਆਪਣੀ ਜਾਣ ਪਹਿਚਾਣ ਕਰਵਾਈ, ਉਹ ਬੜਾ ਖੁਸ਼ ਹੋਇਆ।ਉਸ ਨੇ ਕਿਹਾ,"ਸਾਡੀ ਪਰੇਸ਼ਾਨੀ ਦੂਰ ਕਰੋ,ਸਮੱਸਿਆ ਤੋਂ ਛੁਟਕਾਰਾ ਦਵਾਓ, ਅਸੀਂ ਬਹੁਤ ਤਪੇ ਪਏ ਹਾਂ, ਬਹੁਤ ਸਾਰੇ 'ਸਿਆਣਿਆਂ' ਨੂੰ ਬੁਲਾ ਲਿਆ,ਕੋਈ ਵੀ ਸਾਨੂੰ ਸੰਕਟ ' ਨਹੀਂ ਕੱਢ ਸਕਿਆ ਚੋਂ,ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ।"

ਅਸੀਂ ਕਿਹਾ ," ਤੁਹਾਡੀ ਸਮੱਸਿਆ ਦੂਰ ਕਰਨ ਆਏ ਹਾਂ, ਦੂਰ ਕਰਕੇ ਹੀ ਜਾਵਾਂਗੇ।ਸਾਡੀਆਂ ਹਦਾਇਤਾਂ ਦਾ ਪਾਲਣ ਕਰਨਾ।ਜੋ ਅਸੀਂ ਪੁੱਛੀਏ ਸਹੀ ਦਸਣਾ।"

ਸਰਪੰਚ ਨੇ ਵਿਸ਼ਵਾਸ ਦਵਾਇਆ," ਜਿਵੇਂ ਕਹੋਂਗੇ, ਉਵੇਂ ਕਰਾਂਗੇ, ਧੁਪੇ ਖੜਾਵੋਂਗੇ, ਖੜਾਂਗੇ। ਇੱਕ ਲੱਤ ਦੇ ਭਾਰ ਵੀ ਖੜਨ ਨੂੰ ਤਿਆਰ ਹਾਂ, ਜੋ ਪੁਛੋਂਗੇ,ਸਪੱਸ਼ਟ ਦੱਸਾਂਗੇ।"

ਮੈਂ ਕਿਹਾ,"ਜਿੰਨ ਦੁਆਰਾ ਜ਼ਖ਼ਮੀ ਕੀਤੀਆਂ ਔਰਤਾਂ ਨਾਲ ਸਾਡੀ ਗਲ ਕਰਵਾਓ। ਜਿੰਨ੍ਹਾਂ ਲੋਕਾਂ ਨੇ ਜਿੰਨ ਦੇਖਿਆ, ਉਨ੍ਹਾਂ ਨਾਲ ਵੀ ਸਾਨੂੰ ਮਿਲਾਓ। ਉਸ ਨਾਲ ਵੀ ਗਲ ਕਰਵਾਓ,ਜਿਸ ਵਿਅਕਤੀ ਨੇ ਜਿੰਨ ਸਭ ਤੋਂ ਪਹਿਲਾਂ ਦੇਖਿਆ।"

ਪਿੰਡ ਵਾਲਿਆਂ ਨੂੰ ਕੋਈ ਵੀ ਜ਼ਖ਼ਮੀ ਔਰਤ ਨਾ ਮਿਲੀ, ਜਿੰਨ ਸੰਬੰਧੀ ਪਰਚਾਰੀ ਗਲ ਦੇ ਡਰ ਤੋਂ ਭੈਅ ਭੀਤ ਔਰਤਾਂ ਜ਼ਰੂਰ ਮਿਲੀਆਂ ।ਪਿੰਡ ਵਿੱਚ ਗੱਲ ਉੱਡੀ ਹੋਈ ਸੀ ਕਿ ਜਿੰਨ ਸਿਰਫ ਔਰਤਾਂ ਨੂੰ ਦਿਖਦਾ ਹੈ।ਫਿਰ ਅਸੀਂ ਉਸ ਔਰਤ ਦੇ ਘਰ ਗਏ ਜਿਸ ਨੇ ਸਭ ਤੋਂ ਪਹਿਲਾਂ ਜਿੰਨ ਦੇਖਿਆ ਸੀ ਤੇ ਜਿੰਨ ਦਾ ਖੌਫ ਫੈਲਾਇਆ ਸੀ ।ਜਿੰਨ ਦਾ ਡਰ ਫੈਲਾਉਣ ਵਾਲੀ ਕੁੜੀ ਦੀ ਮਾਂ

ਨੇ ਕਿਹਾ ,"ਇਸ ਵਿੱਚ ਅਸਰ ਆਉਂਦਾ ਹੈ ,ਮਾਤਾ ਆਉਂਦੀ ਹੈ ,ਅਸਰ ਦੌਰਾਨ ਇਸ ਨੂੰ ਸਭ ਕੁਝ ਪਤਾ ਲੱਗ ਜਾਂਦਾ ਹੈ ।ਇਹ ਤਾਂ ਇਹ ਵੀ ਦੱਸ ਸਕਦੀ ਹੈ ਕਿ ਤੁਸੀਂ ਕੀ ਖਾ ਕੇ ਆਏ ਹੋ ।"

ਅਸੀਂ ਕਿਹਾ," ਜੇ ਇਹ ਸਾਡੇ ਨਾਂ- ਪਤਾ ਦੱਸ ਦੇਵੇ ਤਾਂ ਅਸੀਂ ਤਰਕਸ਼ੀਲ ਸੁਸਾਇਟੀ ਵਲੋਂ ਰੱਖਿਆ ਨਗਦ ਇਨਾਮ ਦੇਵਾਂਗੇ। "

ਮਾਂ ਕਹਿੰਦੀ ,"ਇਸ ਵਿਚ ਸ਼ਨੀਵਾਰ ਨੂੰ ਅਸਰ ਆਉਂਦਾ ਹੈ, ਫਿਰ ਇਹ ਪੁੱਛਾਂ ਵੀ ਦਿੰਦੀ ਹੈ ।ਸਹੀ 11ਵਜੇ ਚੌਂਕੀ ਲਾਉਂਦੀ ਹੈ।"

ਅਸੀਂ ਕਿਹਾ ਅਜ ਸ਼ਨੀਵਾਰ ਹੀ ਹੈ, ਅਸੀਂ 11 ਵਜੇ ਆਵਾਂਗੇ ਤੇ ਇਸ ਦੀ ਸ਼ਕਤੀ /ਕਰਾਮਾਤ ਦੀ ਪਰਖ ਕਰਾਂਗੇ ।

ਫਿਰ ਅਸੀਂ ਜਿੰਨ ਦੇ ਡਰ ਤੋਂ ਪੀੜਤ ਪਰਿਵਾਰਾਂ ਦਾ ਹਾਲ ਪੁੱਛਣ ਪਿੰਡ ਦਾ ਚੱਕਰ ਲਾਇਆ । ਸਿਰਫ਼ ਇਕ ਹੀ ਪਰਿਵਾਰ ਦੀ ਔਰਤ ਨੇ ਕਿਹਾ ," ਇੱਕ ਰਾਤ ਜਿੰਨ ਸਾਡੇ ਘਰ ਆ ਗਿਆ ਸੀ । ਜਦੋਂ ਅਸੀਂ ਲਾਈਟ ਲਾਈ ਜਿੰਨ ਭੱਜ ਗਿਆ। ਸਾਨੂੰ ਬੜਾ ਡਰ ਲੱਗਦਾ ਹੈ, ਨੀਂਦ ਨਹੀਂ ਆਉਂਦੀ।" ਅਸੀਂ ਕਿਹਾ ਕਿ ਜਿੰਨ ਤੁਹਾਡੇ ਤੋਂ ਡਰਦਾ ਹੈ, ਡਰ ਕੇ ਭੱਜਦਾ ਹੈ ।ਤੁਸੀ ਕਿਉਂ ਡਰਦੇ ਹੋਂ,ਤੁਹਾਨੂੰ ਡਰਨਾ ਨਹੀ ਚਾਹੀਦੀ।

ਗੱਲਾਂ ਬਾਤਾਂ ਰਾਹੀਂ ਅਸੀਂ ਉਨ੍ਹਾਂ ਦਾ ਡਰ ਦੂਰ ਕੀਤਾ।ਇਕ ਔਰਤ ਕਹਿੰਦੀ,"ਰਾਤ ਜਿੰਨ ਸਾਡੇ ਜੱਗ ਵਿੱਚੋਂ ਦੁੱਧ ਪੀ ਗਿਆ।"

ਅਸੀਂ ਕਿਹਾ ਸਾਡੀ ਸਮਝ ਮੁਤਾਬਿਕ ਦੁੱਧ ਬਿੱਲੀ ਨੇ ਪੀਤਾ ਹੈ।ਮੇਰੇ ਇਹ ਕਹਿੰਦਿਆਂ ਕਹਿੰਦਿਆਂ ਬਿੱਲੀ ਨੇ ਦਰਸ਼ਨ ਦੇ ਦਿੱਤੇ।ਇੰਨੇ ਨੂੰ ਗਿਆਰਾਂ ਵੱਜ ਚੁੱਕੇ ਸੀ ਅਸੀਂ ਅਸਰ ਆਉਣ ਵਾਲੀ ਤੇ ਸਭ ਤੋਂ ਪਹਿਲਾਂ ਜਿੰਨ ਦਾ ਭੈਅ ਪੈਦਾ ਕਰਨ ਵਾਲੀ ਔਰਤ ਦੇ ਘਰ ਪਹੁੰਚੇ।ਅਸੀਂ ਕਿਹਾ," ਚਲੋ ਸਮਾਂ ਹੋ ਗਿਆ ਹੈ,ਆਪਣੀ ਚੌਂਕੀ ਲਾਓ ਤੇ ਸਾਡੇ ਨਾਂ ਦੱਸੋ।" ਪਿੰਡ ਦੇ ਲੋਕ ਸਾਡੇ ਨਾਲ ਸਨ।ਥੋੜੇ ਸਮੇਂ ਬਾਅਦ ਜਵਾਬ ਆਇਆ ,"ਅੱਜ ਚੌਂਕੀ ਨਹੀਂ ਲੱਗਦੀ,ਅਜ ਅਸਰ ਨਹੀਂ ਆ ਰਿਹਾ, ਇਹ ਤਾਂ ਡਰ ਰਹੀ ਹੈ।"

ਅਸੀਂ ਕਿਹਾ "ਆਪਣੇ ਪੀਰ ਜਾਂ ਦੇਵੀ ਨੂੰ ਪਰਗਟ ਕਰਕੇ ਸਾਡੇ ਨਾਂ ਦੱਸੋ।" ਸਾਡੇ ਵਾਰ ਵਾਰ ਕਹਿਣ ਤੇ ਵੀ ਉਨ੍ਹਾਂ ਸਾਡੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ।ਉਥੇ ਖੜੇ ਇਕ ਵਿਅਕਤੀ ਨੇ ਉੱਚੀ ਤੇ ਜ਼ਾਨਦਾਰ ਆਵਾਜ਼ ਵਿਚ ਕਿਹਾ," ਪਹਿਲਾਂ ਭਕਾਈ ਕਿਉਂ ਮਾਰੀ ਸੀ।"

ਫਿਰ ਅਸੀਂ ਅਸਰ ਵਾਲੀ ਔਰਤ ਨਾਲ ਜਿੰਨ ਦਿਸਣ ਵਾਲੀ ਗਲ ਕਰਨੀ ਚਾਹੀ।ਸਾਡੇ ਸਵਾਲਾਂ ਦੇ ਜਵਾਬ ਉਸਦੀ ਮਾਂ ਨੇ ਦਿੱਤੇ।ਉਸਨੇ ਕਿਹਾ," ਉਸ ਦਿਨ,ਜਿਸ ਸਮੇਂ ਜਿੰਨ ਸਾਡੀ ਕੁੜੀ ਕੋਲ ਆਇਆ।ਮੈਂ ਉਸ ਸਮੇਂ ਰਸੋਈ ਵਿੱਚ ਸੀ।ਮੈਂ ਕੁੜੀ ਨੂੰ ਉਸ ਨਾਲ ਗੱਲਾਂ ਕਰਦੇ ਸੁਣਿਆ।ਜਦ ਮੈਂ ਗਈ ਤਾਂ ਜਿੰਨ ਭਜ ਗਿਆ ਤੇ ਜਾਂਦੇ ਜਾਂਦੇ ਨਲਕੇ ਦੀ ਹੱਥੀ ਦੂਹਰੀ ਕਰ ਗਿਆ।"

ਇਸ ਸਮੇਂ ਬਹੁਤ ਸਾਰੇ ਲੋਕ ਇਕਠੇ ਹੋ ਚੁੱਕੇ ਸਨ ਉਨ੍ਹਾਂ ਵਿੱਚੋਂ ਇਕ ਕੱਟਿਆਂ ਦੇ ਵਪਾਰੀ ਵਿਅਕਤੀ ਨੇ ਕਿਹਾ," ਉਸ ਦਿਨ ਮੈਂ ਕੋਠੇ ਤੇ ਪਿਆ ਸੀ ਤੇ ਜਿੰਨ ਰਿੱਛ ਬਣਿਆ ਮੈਂ ਆਪ ਦੇਖਿਆ ਜਦ ਮੈਂ ਉਸ ਨੂੰ ਫੜਨ ਦੀ ਕੋਸਿਸ਼ ਕੀਤੀ ਤਾਂ ਉਹ ਮੇਰਾ ਗੁੱਟ ਜ਼ਖਮੀ ਕਰ ਗਿਆ।"

ਅਸੀਂ ਉਨ੍ਹਾਂ ਦੀਆਂ ਥੋਥੀਆਂ ਤੇ ਬਿਨ ਸਿਰ ਪੈਰ ਵਾਲੀਆਂ ਝੂਠੀਆਂ ਗੱਲਾਂ ਸੁਣੀਆਂ।ਅਸੀਂ ਲੋਕਾਂ ਨੂੰ ਕਿਹਾ," ਅਸੀਂ ਸਾਰੀਆਂ ਗੱਲਾਂ ਦੀ ਵਿਗਿਆਨਕ ਵਿਆਖਿਆ ਕਰਾਂਗੇ।ਸਾਨੂੰ ਪਤਾ ਹੈ ਕਿ ਇਸ ਦੁਨੀਆਂ ਵਿੱਚ ਕਿਤੇ ਵੀ ਜਿੰਨ ,ਭੂਤ ਪਰੇਤ ਨਹੀਂ।ਕਹੀਆਂ ਸੁਣੀਆਂ ਗੱਲਾਂ ਦਾ ਅਸਰ/ਡਰ ਜ਼ਰੂਰ ਹੈ।ਸੁਣ ਸੁਣ ਕੇ ਤੁਸੀਂ ਡਰੀ ਜਾਂਦੇ ਹਾਂ, ਡਰਾਉਣ ਵਾਲੇ ਡਰਾਈ ਜਾਂਦੇ ਹਨ। "ਮੈਂ ਕਿਹਾ ,"ਸਭ ਤੋਂ ਪਹਿਲਾਂ ਜਿੰਨ ਤੋਂ ਜਖਮੀ ਹੋਈ ਕੋਈ ਵੀ ਔਰਤ ਸਾਨੂੰ ਨਹੀਂ ਮਿਲੀ, ਦੂਜੀ ਗਲ ਜਿਥੋਂ ਗਲ ਸੁਰੂ ਹੋਈ ਜਿਸ ਨੇ ਜਿੰਨ ਦਾ ਖੌਫ ਫੈਲਾਇਆ ,ਉਹ ਸਾਡੇ ਮੱਥੇ ਨਹੀਂ ਲੱਗੀ, ਸਾਡੇ ਨਾਲ ਗਲ ਨਾ ਕਰ ਸਕੀ, ਤੁਸੀਂ ਸਿਰਫ਼ ਪਰਚਾਰੀ ਗਲ ਤੋਂ ਡਰੇ ਹੋਏ ਹੋਂ,ਤੁਸੀਂ ਖਾਸ ਕਰਕੇ ਔਰਤਾਂ ਜਿੰਨ ਦੇ ਫੋਬੀਏ ਦੀਆਂ ਸ਼ਿਕਾਰ ਹਨ।"

ਉਸ ਦੀ ਮਾਂ ਦਾ ਕਹਿਣਾ ਹੈ ਕਿ ਜਿੰਨ ਜਾਂਦੇ ਸਮੇਂ ਨਲਕੇ ਦੀ ਹੱਥੀ ਦੂਹਰੀ ਕਰ ਗਿਆ।ਇੱਕ ਕਹਿੰਦਾ ਜਿੰਨ ਜਾਂਦੇ ਸਮੇਂ ਰਿੱਛ ਬਣ ਗਿਆ ਤੇ ਗੁਟ ਜ਼ਖ਼ਮੀ ਕਰ ਗਿਆ।

ਚਲੋ ਆਪਾਂ ਹੁਣ ਉਨਾਂ ਨੂੰ ਬੁਲਾ ਕੇ ਸਵਾਲ ਜਵਾਬ ਕਰਦੇ ਹਾਂ ਤੇ ਉਨ੍ਹਾਂ ਨੂੰ ਝੂਠੇ ਸਾਬਤ ਕਰਦੇ ਹਾਂ। ਕੱਟਿਆਂ ਦੇ ਵਪਾਰੀ ਨੂੰ ਮੈਂ ਕਿਹਾ

, "ਰਿੱਛ ਬਣਿਆ ਜਿੰਨ ਤੇਰਾ ਗੁਟ ਜ਼ਖਮੀ ਕਰ ਗਿਆ,ਗੁਟ ਤੇ ਨਿਸ਼ਾਨ ਦਿਖਾਓ ਤੇ ਤੁਸੀਂ ਆਪਣੇ ਗੁਟ ਤੇ ਜਿਸ ਡਾਕਟਰ ਤੋਂ ਪੱਟੀਆਂ ਕਰਾਈਆਂ, ਉਸ ਦਾ ਪਤਾ ਦੱਸੋ।"

ਉਸ ਦੇ ਗੁਟ ਤੇ ਜ਼ਖ਼ਮ ਦੇ ਨਿਸ਼ਾਨ ਨਹੀਂ ਸਨ

ਉਸ ਦਾ ਝੂਠ ਸਪਸ਼ਟ ਸੀ॥ਫਿਰ ਅਸੀਂ ਜਿੰਨ ਦੀ ਅਫਵਾਹ ਫੈਲਾ ਕੇ ਉਸ ਦਾ ਡਰ ਪੈਦਾ ਕਰਨ ਵਾਲੀ ਔਰਤ ਦੀ ਮਾਂ ਤੋਂ ਪੁੱਛਿਆ,," ਤੁਸੀਂ ਕਹਿੰਦੇ ਹੋਂ ਜਦੋਂ ਤੁਸੀਂ ਕੁੜੀ ਕੋਲ ਗਏ ਜਿੰਨ ਭਜ ਗਿਆ ਤੇ ਜਾਂਦੇ ਸਮੇਂ ਨਲਕੇ ਦੀ ਹੱਥੀ ਦੂਹਰੀ ਕਰ ਗਿਆ।ਸਾਨੂੰ ਉਹ ਨਲਕੇ ਦੀ ਹੱਥੀ ਦਿਖਾਓ।" ਉਹ ਡੌਰ ਭੌਰ ਹੋ ਗਈ,ਪੂਰੀ ਘਬਰਾ ਗਈ ,ਨਲਕੇ ਦੀ ਦੂਹਰੀ ਹੋਈ ਹੱਥੀ ਲਿਆ ਕੇ ਨਹੀਂ ਦਿਖਾ ਸਕੀ।ਉਸ ਦਾ ਝੂਠ ਵੀ ਨੰਗੇ ਚਿੱਟੇ ਦਿਨ ਦੀ ਤਰ੍ਹਾਂ ਸਪੱਸ਼ਟ ਸੀ।"

ਮੈਂ ਫਿਰ ਪਿੰਡ ਪੰਚਾਇਤ ਸਮੇਤ ਇਕੱਠੇ ਹੋਏ ਲੋਕਾਂ ਨੂੰ ਕਿਹਾ," ਜਿੰਨ ,ਭੂਤ -ਪਰੇਤ,ਕਚੀਲ ਨਾਂ ਦੀ ਕੋਈ ਚੀਜ਼, ਇਸ ਦੁਨੀਆਂ ਵਿਚ ਨਹੀਂ।ਸਭ ਕਲਪਿਤ ਹਨ।ਇਹ ਅਖੌਤੀ ਸਿਆਣੇ ਆਪਣੇ ਮਤਲਬ ਲਈ ਤੁਹਾਡੇ ਅੰਦਰ ਇਨ੍ਹਾਂ ਦਾ ਡਰ ਪੈਦਾ ਕਰਕੇ ਤੁਹਾਡੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਕਰਦੇ ਨੇ: ,ਉਹ ਡਰਾਈ ਜਾਂਦੇ ਹਨ,ਤੁਸੀਂ ਡਰੀ ਜਾਦੇ ਹੋਂ,ਉਹ ਲੁੱਟੀ ਜਾਂਦੇ ਹਨ,ਤੁਸੀਂ ਲੁੱਟ ਕਰਾਈ ਜਾਂਦੇ ਹੋ ।ਨਾ ਔਰਤ ਵਿੱਚ ਕੋਈ ਪੀਰ,ਦੇਵੀ ਵਗੈਰਾ ਪਰਗਟ ਹੋਈ।ਤੁਹਾਡੇ ਸਾਹਮਣੇ ਸਾਰੀਆਂ ਗੱਲਾਂ ਝੂਠੀਆਂ ਸਾਬਤ ਹੋਈਆਂ,ਕਿਸੇ ਵੀ ਪਰਚਾਰੀ ਚੀਜ਼ ਦਾ ਸਬੂਤ ਨਹੀਂ ਮਿਲਿਆ,ਅਸੀਂ ਸੁਣੀ,ਸੁਣਾਈ ਗਲ ਦੀ ਪਰਖ ਕਰਦੇ ਹਾਂ, ਅੱਖਾਂ ਬੰਦ ਕਰਕੇ ਨਹੀ ਮੰਨਦੇ, ਪਰਖ ਕਰਨਾ ਹੀ ਤਰਕਸ਼ੀਲਤਾ ਹੈ, ਵਿਗਿਆਨਕ ਵਿਚਾਰ, ਵਿਗਿਆਨਕ ਸੋਚ ਹੈ।ਤੁਸੀਂ ਵੀ ਪਾਰਖੂ ਬਣੋ। ਲਾਈਲੱਗਤਾ, ਅੰਧਵਿਸ਼ਵਾਸ ਤਿਆਗੋ ਆਪਣੀ ਸੋਚ ਨੂੰ ਵਿਗਿਆਨਕ ਬਣਾਓ।

ਦੂਜੇ ਸਾਥੀਆਂ ਨੇ ਵੀ ਵਿਚਾਰ ਰੱਖੇ ਤੇ ਲੋਕਾਂ ਨੂੰ ਜਿੰਨ ਤੋਂ ਭੈਅ ਮੁਕਤ ਕੀਤਾ। ਪਰਾਪਤ ਕੀਤੀ ਜਾਣਕਾਰੀ ਅਨੁਸਾਰ ਖਨੌਰੇ ਪਿੰਡ ਸਮੇਤ ਇਲਾਕੇ ਦੇ ਪਿੰਡਾਂ ਵਿੱਚ ਜਿੰਨ ਦਾ ਖੌਫ ਸੀ। ਜਿਹੜਾ ਸਾਡੇ ਜਾਣ ਉਪਰੰਤ ਖਤਮ ਹੋ ਗਿਆ ਤੇ ਲੋਕਾਂ ਨੇ ਭੈਅ ਮੁਕਤ ਹੋ ਕੇ ਸੌਖਾ ਸੁਖ ਦਾ ਸਾਹ ਲੈਣਾ ਸ਼ੁਰੂ ਕਰ ਦਿੱਤਾ ਸੀ।ਲੋਕ ਸਾਡੀ ਵਿਗਿਆਨਕ ਵਿਆਖਿਆ ਤੇ ਪੜਤਾਲ ਤੋਂ ਪੂਰੇ ਸੰਤੁਸ਼ਟ ਤੇ ਖੁਸ਼ ਸਨ।ਉਨਾਂ ਦੇ ਮੁਰਝਾਏ ਚਿਹਰੇ ਖਿੜ ਗਏ ਸਨ।ਲੋਕਾਂ ਦੇ ਦਿਲ ਦਿਮਾਗ ਤੋਂ ਜਿੰਨ ਦਾ ਡਰ ਸਾਫ਼ ਕਰਦੇ ਹੋਏ ਅਸੀਂ ਉਥੋਂ ਚਾਲੇ ਪਾ ਦਿੱਤੇ।



**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**ਏ -86ਅਫਸਰ ਕਲੋਨੀ**
**ਸੰਗਰੂਰ**
**9417422349**

# ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਸਿਡਨੀ ਵਿੱਚ ਯਹੂਦੀ ਵਿਰੋਧੀ ਆਤੰਕੀ ਹਮਲੇ ਦੀ ਸਖ਼ਤ ਨਿੰਦਾ

**ਸਮਾਜ ਵੀਕਲੀ ਯੂ ਕੇ**

ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਸਿਡਨੀ ਦੇ ਬੋਂਡੀ ਬੀਚ 'ਤੇ ਹੋਏ ਘਾਤਕ ਆਤੰਕੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ, ਜਿਸ ਵਿੱਚ ਹਨੂਕਾ ਮਨਾਉਂਦੀਆਂ ਯਹੂਦੀ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਘੱਟੋ-ਘੱਟ 15 ਨਿਰਦੋਸ਼ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਬੱਚੇ ਵੀ ਸ਼ਾਮਲ ਹਨ।

ਆਪਣੇ ਬਿਆਨ ਵਿੱਚ ਅਸੋਸੀਏਸ਼ਨ ਨੇ ਇਸ ਹਮਲੇ ਨੂੰ ਯਹੂਦੀ ਵਿਰੋਧੀ ਨਫ਼ਰਤ ਅਤੇ ਆਤੰਕਵਾਦ ਕਰਾਰ ਦਿੰਦਿਆਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਅਤੇ ਆਸਟ੍ਰੇਲੀਆ ਸਮੇਤ ਦੁਨੀਆ ਭਰ ਦੀ ਯਹੂਦੀ ਕਮਿਊਨਿਟੀ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇਹ ਹਮਲਾ ਸਾਂਝੇ ਮਨੁੱਖੀ ਮੁੱਲਾਂ ਅਤੇ ਲੋਕਤੰਤਰਕ ਅਸੂਲਾਂ 'ਤੇ ਗੰਭੀਰ ਹਮਲਾ ਹੈ। "ਨਿਰਦੋਸ਼ ਪਰਿਵਾਰਾਂ 'ਤੇ ਕੀਤਾ ਗਿਆ ਇਹ ਕੂਰੂਰ ਅਤੇ ਯਹੂਦੀ ਵਿਰੋਧੀ ਹਮਲਾ ਪੂਰੀ ਤਰ੍ਹਾਂ ਨਿੰਦਣਯੋਗ ਹੈ। ਨਫ਼ਰਤ ਤੋਂ ਉਪਜੀ ਹਿੰਸਾ ਦੀ ਕਿਸੇ ਵੀ ਸਮਾਜ ਵਿੱਚ ਕੋਈ ਥਾਂ ਨਹੀਂ। ਅਸੀਂ ਆਸਟ੍ਰੇਲੀਆ ਅਤੇ ਦੁਨੀਆ ਭਰ ਦੀ ਯਹੂਦੀ ਕਮਿਊਨਿਟੀ ਨਾਲ ਪੂਰੀ ਏਕਜੁਟਤਾ ਵਿੱਚ ਖੜੇ ਹਾਂ। ਇੱਕ ਕਮਿਊਨਿਟੀ 'ਤੇ



ਹਮਲਾ ਸਾਰਿਆਂ 'ਤੇ ਹਮਲਾ ਹੁੰਦਾ ਹੈ ਅਤੇ ਸਾਨੂੰ ਮਿਲ ਕੇ ਯਹੂਦੀ ਵਿਰੋਧ, ਨਸਲਵਾਦ ਅਤੇ ਹਰ ਕਿਸਮ ਦੀ ਅਤੀਵਾਦੀ ਸੋਚ ਨੂੰ ਰੱਦ ਕਰਨਾ ਹੋਵੇਗਾ।" ਅਸੋਸੀਏਸ਼ਨ ਨੇ ਕਿਹਾ ਕਿ ਧਾਰਮਿਕ ਜਾਂ ਨਸਲੀ ਨਫ਼ਰਤ 'ਤੇ ਆਧਾਰਿਤ ਹਿੰਸਾ ਸਮਾਜਕ ਏਕਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਹਰ ਕਮਿਊਨਿਟੀ ਦੀ ਸੁਰੱਖਿਆ ਲਈ ਖ਼ਤਰਾ ਬਣਦੀ ਹੈ। ਇਸ ਨੇ ਸਰਕਾਰਾਂ, ਸੰਸਥਾਵਾਂ ਅਤੇ ਸਿਵਲ ਸਮਾਜ ਨੂੰ ਅਪੀਲ ਕੀਤੀ ਕਿ ਨਫ਼ਰਤੀ ਅਪਰਾਧਾਂ ਨੂੰ ਰੋਕਣ ਅਤੇ ਘੱਟਗਿਣਤੀ ਕਮਿਊਨਿਟੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੋਰ ਮਜ਼ਬੂਤ ਕਦਮ ਚੁੱਕੇ ਜਾਣ।

ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਯਹੂਦੀ ਵਿਰੋਧ, ਇਸਲਾਮੋਫੋਬੀਆ, ਨਸਲਵਾਦ ਅਤੇ ਹਰ ਕਿਸਮ ਦੇ ਭੇਦਭਾਵ ਦੇ ਖ਼ਿਲਾਫ਼ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਹਿੰਸਾ ਅਤੇ ਅਤੀਵਾਦ ਦੇ ਸਾਹਮਣੇ ਸਾਰੀਆਂ ਕਮਿਊਨਿਟੀਆਂ ਵਿਚਕਾਰ ਏਕਤਾ ਬਹੁਤ ਜ਼ਰੂਰੀ ਹੈ। ਬਿਆਨ ਵਿੱਚ ਕਿਹਾ ਗਿਆ, "ਨਫ਼ਰਤ ਦਾ ਜਵਾਬ ਏਕਜੁਟਤਾ, ਇਨਸਾਫ਼ ਅਤੇ ਸ਼ਾਂਤਮਈ ਸਹਿ-ਅਸਤਿਤਵ ਪ੍ਰਤੀ ਨਵੀਂ ਵਚਨਬੱਧਤਾ ਨਾਲ ਹੀ ਦਿੱਤਾ ਜਾ ਸਕਦਾ ਹੈ।"

ਇਹ ਹਮਲਾ ਅੰਤਰਰਾਸ਼ਟਰੀ ਪੱਧਰ 'ਤੇ ਸਖ਼ਤ ਨਿੰਦਾ ਦਾ ਕਾਰਨ ਬਣਿਆ ਹੈ ਅਤੇ ਅਤੀਵਾਦੀ ਹਿੰਸਾ ਅਤੇ ਨਫ਼ਰਤ ਦੇ ਖ਼ਿਲਾਫ਼ ਫੈਸਲਾਕੁਨ ਕਾਰਵਾਈ ਦੀ ਮੰਗ ਨੂੰ ਹੋਰ ਮਜ਼ਬੂਤ ਕਰਦਾ ਹੈ।

# ਕੈਨੇਡਾ ਦੀ ਟੈਨਿਸ ਸਟਾਰ ਵਿਕਟੋਰੀਆ ਮਬੋਕੋ ਨੂੰ 2025 ਲਈ 'ਟਾਪ ਨਿਊਕਮਰ' ਐਲਾਨਿਆ

**ਵੈਨਕੂਵਰ, (ਮਲਕੀਤ ਸਿੰਘ) —** ਕੈਨੇਡਾ ਦੀ ਉਭਰਦੀ ਟੈਨਿਸ ਖਿਡਾਰਣ ਵਿਕਟੋਰੀਆ ਮਬੋਕੋ ਨੂੰ ਵੂਮਨਜ਼ ਟੈਨਿਸ ਅਸੋਸੀਏਸ਼ਨ ਵੱਲੋਂ ਸਾਲ 2025 ਦੀ 'ਟਾਪ ਨਿਊਕਮਰ' ਐਲਾਨਣ ਦਾ ਅਹਿਮ ਫੈਸਲਾ ਲਿਆ ਗਿਆ ਹੈ। ਇਹ ਐਲਾਨ ਉਕਤ ਐਸੋਸੀਏਸ਼ਨ ਵੱਲੋਂ ਸਾਲ ਦੇ ਅਖੀਰ 'ਚ ਜਾਰੀ ਕੀਤੇ ਜਾਂਦੇ ਇਨਾਮਾਂ ਦੀ ਸੂਚੀ ਦੌਰਾਨ ਕੀਤਾ ਗਿਆ ਹੈ 19 ਸਾਲਾ ਵਿਕਟੋਰੀਆ ਮਬੋਕੋ ਲਈ ਇਹ ਸਾਲ ਬੇਹੱਦ ਵਧੀਆ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਤੋਂ ਪਹਿਲਾਂ ਮੌਂਟਰਿਅਲ ਚ ਹੋਏ ਨੈਸ਼ਨਲ ਬੈਂਕ ਓਪਨ ਟੂਰਨਾਮੈਂਟ ਦੌਰਾਨ ਉਸ ਨੇ ਸ਼ਾਨਦਾਰ ਜਿੱਤ ਹਾਸਿਲ ਕੀਤੀ ਸੀ , ਜਿਸ ਮਗਰੋਂ ਕੋਮਾਤਰੀ ਪੱਧਰ ਤੇ ਉਸ ਦੀ ਪਹਿਛਾਣ ਹੋਰ ਮਜਬੂਤ ਹੋਣ ਦੇ ਨਾਲ ਨਾਲ ਕਨੇਡਾ ਦੀ ਟੈਨਿਸ ਨੂੰ ਬੁਲੰਦੀਆਂ ਦੀ ਦਿਸ਼ਾ ਚ ਨਵਾਂ ਹੁਲਾਰਾ ਮਿਲਿਆ ਸੀ ਇਸ ਸਨਮਾਨ ਨਾਲ ਕੈਨੇਡਾ ਦੇ ਖੇਡ ਜਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਅਤੇ ਇਸ ਮਗਰੋਂ ਖੇਡ ਜਗਤ ਦੇ ਮਾਹਰਾਂ ਵੱਲੋਂ ਮਬਾਕੋ ਨੂੰ ਕਨੇਡਾ ਦੀ ਟੈਨਸ ਦਾ ਭਵਿੱਖ ਮੰਨਦਿਆਂ ਉਸ ਤੋਂ ਵੱਡੀਆਂ ਪ੍ਰਾਪਤੀਆਂ ਦੀਆਂ ਉਮੀਦਾਂ ਲਗਾਈਆਂ ਜਾ ਰਹੀਆਂ ਹਨ।



**ਵਿਕਟੋਰੀਆ ਮਬਾਕੋ ਦੀ ਇੱਕ ਤਸਵੀਰ**

## ਗੈਰਕਾਨੂੰਨੀ ਤੌਰ 'ਤੇ ਜੰਗਲੀ ਜੀਵਾਂ ਦਾ ਸ਼ਿਕਾਰ ਕਰਨ ਵਾਲੇ ਦੋਸ਼ੀ ਨੂੰ 50 ਹਜ਼ਾਰ ਡਾਲਰ ਜੁਰਮਾਨਾ

### 10 ਸਾਲ ਲਈ ਸ਼ਿਕਾਰ ਕਰਨ 'ਤੇ ਪੂਰੀ ਪਾਬੰਦੀ

**ਵੈਨਕੂਵਰ, (ਮਲਕੀਤ ਸਿੰਘ)–** ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜੰਗਲੀ ਜੀਵਾਂ ਦਾ ਗੈਰਕਾਨੂੰਨੀ ਸ਼ਿਕਾਰ ਦੇ ਮਾਮਲਿਆਂ ਵਿੱਚ ਦੋਸੀ ਪਾਏ ਜਾਣ ਮਗਰੋਂ ਮੈਪਲ ਰਿਡਜ ਦੇ ਇੱਕ ਵਿਅਕਤੀ ਨੂੰ ਅਦਾਲਤ ਵੱਲੋਂ 50 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ ਹੈ ਅਤੇ ਉਸ 'ਤੇ 10 ਸਾਲ ਲਈ ਕਿਸੇ ਵੀ ਕਿਸਮ ਦਾ ਸ਼ਿਕਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਬੀ.ਸੀ. ਕਨਜ਼ਰਵੇਸ਼ਨ ਅਫ਼ਸਰ ਸਰਵਿਸ ਅਨੁਸਾਰ ਦੋਸ਼ੀ ਵਿਅਕਤੀ ਨੇ ਖੁੱਲ੍ਹੇ ਸ਼ਿਕਾਰ ਮੌਸਮ ਤੋਂ ਬਾਹਰ ਜੰਗਲੀ ਜੀਵਾਂ ਨੂੰ ਮਾਰਨ ਅਤੇ ਰਹਾਇਸ਼ੀ ਇਲਾਕਿਆਂ ਦੇ ਨੇੜੇ ਅੱਗਿਆਸਤ੍ਰ ਚਲਾਉਣ ਦੇ ਦੋਸ਼ ਅਦਾਲਤ ਵਿੱਚ ਕਬੂਲ ਕਰ ਲਏ ਹਨ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀ ਦੀਆਂ ਇਨਾ ਹਰਕਤਾਂ ਨਾਲ ਨਾ ਸਿਰਫ਼ ਜੰਗਲੀ ਜੀਵ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਹੋਈ, ਸਗੋਂ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਵੀ ਗੰਭੀਰ ਖਤਰਾ ਪੈਦਾ ਹੋਇਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਦਾਲਤ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਜੁਰਮਾਨੇ ਦੇ ਨਾਲ-ਨਾਲ ਲੰਬੇ ਸਮੇਂ ਲਈ ਸ਼ਿਕਾਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

## ਓਲੰਪਿਕ ਸੁਪਨਿਆਂ ਵੱਲ ਵਧ ਰਹੇ ਪ੍ਰਾਈਮੇਰਾਨੋ, ਬੈਡਾਰਡ ਤੇ ਸੈਲੀਬ੍ਰੀਨੀ

**ਵੈਨਕੂਵਰ, (ਮਲਕੀਤ ਸਿੰਘ)–** ਨਾਰਥ ਵੈਨਕੂਵਰ ਦਾ ਨਾਰਥ ਸ਼ੋਰ ਵਿੰਟਰ ਕਲੱਬ ਕੈਨੇਡਾ ਦੇ ਪ੍ਰਮੁੱਖ ਹਾਕੀ ਟੈਲੈਂਟ ਤਿਆਰ ਕਰਨ ਵਾਲੇ ਕੇਂਦਰ ਵਜੋਂ ਉੱਭਰ ਰਿਹਾ ਹੈ। ਇਸ ਕਲੱਬ ਨਾਲ ਖੇਡ ਚੁੱਕੇ ਤਿੰਨ ਨੌਜਵਾਨ ਖਿਡਾਰੀ — ਮੈਟੇਈ ਪ੍ਰਾਈਮੇਰਾਨੋ, ਕੋਨਰ ਬੈਡਾਰਡ ਅਤੇ ਮੈਕਲਿਨ ਸੈਲੀਬ੍ਰੀਨੀ ਖੇਡ ਜਗਤ ਦੇ ਮਾਹਰਾਂ ਅਤੇ ਹਾਕੀ ਪ੍ਰੇਮੀਆਂ ਦੀ ਨਜ਼ਰਾਂ ਵਿੱਚ ਭਵਿੱਖ ਦੇ ਓਲੰਪਿਕ ਸਿਤਾਰੇ ਮੰਨੇ ਜਾ ਰਹੇ ਹਨ ਹਾਕੀ ਮਾਹਿਰਾਂ ਦਾ ਮੰਨਣਾ ਹੈ ਕਿ ਨਾਰਥ ਸ਼ੋਰ ਵਿੰਟਰ ਕਲੱਬ ਦਾ ਮਾਹੌਲ ਹੀ ਉਹ ਮੁੱਖ ਕਾਰਨ ਹੈ, ਜਿਸ ਨੇ ਪ੍ਰਾਈਮੇਰਾਨੋ, ਬੈਡਾਰਡ ਅਤੇ ਸੈਲੀਬ੍ਰੀਨੀ ਵਰਗੇ ਖਿਡਾਰੀਆਂ ਨੂੰ ਉੱਚ ਪੱਧਰ ਤੱਕ ਪਹੁੰਚਣ ਵਿੱਚ ਮਦਦ ਕੀਤੀ।



ਇਨ੍ਹਾਂ ਤਿੰਨਾਂ ਖਿਡਾਰੀਆਂ ਨੂੰ ਭਵਿੱਖ ਵਿੱਚ ਕੈਨੇਡਾ ਦੀ ਓਲੰਪਿਕ ਟੀਮ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਕਲੱਬ ਪ੍ਰਬੰਧਕਾ ਅਨੁਸਾਰ, ਉਨ੍ਹਾਂ ਦਾ ਟੀਚਾ ਸਿਰਫ਼ ਪ੍ਰੋਫੈਸ਼ਨਲ ਖਿਡਾਰੀ ਤਿਆਰ ਕਰਨਾ ਨਹੀਂ, ਸਗੋਂ ਅਜਿਹੇ ਨੌਜਵਾਨ ਬਣਾਉਣਾ ਹੈ ਜੋ ਖੇਡ ਅਤੇ ਜੀਵਨ ਦੋਹਾਂ ਵਿੱਚ ਅੱਗੇ ਵਧ ਸਕਣ।

# ਦਾਣਾ ਮੰਡੀ ਨਵਾਂ ਸ਼ਹਿਰ ਵਿਖੇ 19ਵਾਂ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਕਰਵਾਇਆ ਗਿਆ

**ਨਵਾਂ ਸ਼ਹਿਰ :( ਚਰਨਜੀਤ ਸੱਲ੍ਹਾਂ )** ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ ਰਜਿ. ਨਵਾਂ ਸ਼ਹਿਰ ਵਲੋਂ ਦਾਣਾ ਮੰਡੀ ਨਵਾਂ ਸ਼ਹਿਰ ਜਿਲ੍ਹਾ ਸ਼. ਭ. ਸ. ਨਗਰ ਵਿਖੇ 19ਵਾਂ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ 108 ਸੰਤ ਨਿਰੰਜਨ ਦਾਸ ਜੀ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ।

ਇਸ ਮੌਕੇ ਤੇ ਸਤਿਗੁਰੂ ਰਵਿਦਾਸ ਅੰਮ੍ਰਿਤ ਬਾਣੀ ਭਵਨ ਇਬਰਾਹੀਮ ਬਸਤੀ ਦਾ ਉਦਘਾਟਨ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ।



ਕੀਰਤਨ ਦਰਬਾਰ ਵਿੱਚ ਮਿਸ਼ਨਰੀ ਗਾਇਕ ਐੱਸ. ਐੱਸ. ਆਜ਼ਾਦ ਅਤੇ ਭਾਈ ਗੁਰਦੀਪ ਸਿੰਘ ਸਕੋਹਪੁਰ ਨੇ ਸੰਗਤਾਂ ਨੂੰ ਸਤਿਗੁਰੂ ਰਵਿਦ-ਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਨਾਲ ਜੋੜਿਆ। ਇਸ ਸੰਤ ਸੰਮੇਲਨ ਵਿੱਚ ਸਰਵ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ, ਸੰਤ ਪ੍ਰੀਤਮ ਦਾਸ ਜੀ ਡੇਰਾ ਸੰਗਤ ਪੁਰ, ਸੰਤ ਕ੍ਰਿਸ਼ਨ ਨਾਥ ਜੀ ਡੇਰਾ ਚਹੇੜੂ, ਸੰਤ ਲੇਖ ਰਾਜ ਜੀ ਨੂਰਪੁਰ , ਸੰਤ ਹਰਵਿੰਦਰ ਦਾਸ ਜੀ ਡੇਰਾ ਈਸਪੁਰ, ਸੰਤ ਸੁਖਵਿੰਦਰ ਦਾਸ ਜੀ ਡੇਰਾ ਢੱਡੇ, ਸਾਈਂ ਬਾਬਾ ਪੱਪਲ ਸ਼ਾਹ ਜੀ ਭਰੋ ਮਜਾਰਾ ਆਦਿ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਿਆ ਅਤੇ ਜੀਵਨ ਸੇਧ ਪ੍ਰਦਾਨ ਕੀਤੀ। ਉਨ੍ਹਾਂ ਨੇ ਸੰਗਤਾਂ ਨੂੰ ਨਸ਼ਿਆਂ ਤੋਂ ਰਹਿਤ ਜੀਵਨ ਬਤੀਤ ਕਰਨ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਸਿਖਿਆ ਪ੍ਰਾਪਤ ਕਰਵਾਉਣ ਦਾ ਉਪਦੇਸ਼ ਦਿੱਤਾ।

ਇਸ ਮੌਕੇ ਤੇ "ਹਰਿ ਦਾ ਜਾਪ" ਦਾ ਪੋਸਟਰ ਸੰਤਾਂ ਮਹਾਪੁਰਸ਼ਾਂ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ। ਇਸ ਜਾਪ ਨੂੰ





ਨਾਮਵਰ ਗਾਇਕਾ ਅਨੂਰਾਧਾ ਪੌਡਵਾਲ ਨੇ ਗਾਇਆ ਹੈ ਤੇ ਇਸ ਦੇ ਲੇਖਕ ਹਨ ਸੱਤ ਪਾਲ ਸਾਹਲੋਂ, ਸੰਗੀਤਕਾਰ ਹਨ ਰੋਹਿਤ ਕੁਮਾਰ ਬੌਬੀ ਨੇ, ਵੀਡੀਓ ਡਾਇਰੈਕਟਰ ਹਨ ਬਾਬਾ ਕਮਲ ਅਤੇ ਇਸ ਨੂੰ ਰਿਲੀਜ਼ ਕੀਤਾ ਹੈ ਆਰ ਦੇ ਬੀਟਾ ਤੇ ਰਾਮ ਭੋਗਪੁਰੀਆ ਨੇ।

ਇਸ ਮੌਕੇ ਤੇ ਸਰਵ ਸ੍ਰੀ ਸੱਤ ਪਾਲ ਸਾਹਲੋਂ, ਪਰਮਜੀਤ ਮਹਾਲੋਂ , ਜੋਗਿੰਦਰ ਸਿੰਘ ਮੈਂਗੜਾ, ਰਾਮ ਆਸਰਾ, ਹਰਮੇਸ਼ ਥਾਦੀਆਂ, ਜੋਗਾ ਸਿੰਘ ਜੀਂਦੋਵਾਲ, ਡਾ. ਗੁਰਨਾਮ ਸਿੰਘ, ਰਾਮ ਲੁਭਾਇਆ ਬਹਾਦਰ ਪੁਰ, ਅਮਨਦੀਪ ਸਿੰਘ ਸੱਲ੍ਹਣ, ਰਸ਼ਪਾਲ ਸਿੰਘ ਬਿੱਟੂ, ਰੇਸ਼ਮ ਸਿੰਘ ਐਡਵੋਕੇਟ, ਨਿਰਮਲ ਭੰਗਲਾਂ, ਝਲਮਣ ਹੰਸਰੋਂ, ਦਰਸ਼ਨ ਰਾਮ ਪੱਲੀ ਉੱਚੀ, ਮਾਸਟਰ ਗਿੰਦ ਰਾਮ, ਮਾਸਟਰ ਹਰਬਲਾਸ, ਪਰਮਜੀਤ ਮਹਿਰਮ ਪੁਰ, ਸੱਤ ਪਾਲ ਬੇਲੀ, ਹਰਮੇਸ਼ ਮੇਸ਼ੀ, ਬਿੱਟੂ ਮਿਸਤਰੀ ਨਵੀਂ ਆਬਾਦੀ ਆਦਿ ਮੈਂਬਰਾਂ ਨੇ ਭਾਗ ਲਿਆ ।ਇਸ ਮੌਕੇ ਸੰਗਤਾਂ ਲਈ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਗਿਆ।






# ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨਾਲ ਦਿੱਲੀ ਵਿੱਚ ਮੀਟਿੰਗ,ਪੰਜਾਬ ਵਿੱਚ 2027 ਚ ਸਰਕਾਰ ਬਣਾਉਣ ਲਈ ਜਥੇਬੰਦਕ ਢਾਂਚੇ ਨੂੰ ਜਮੀਨ ਤੱਕ ਮਜਬੂਤ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ, ਪਾਰਟੀ ਲੀਡਰਸ਼ਿਪ ਨੇ ਪਾਰਟੀ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ ਜਮੀਨ ਤੇ ਲਾਗੂ ਕਰਨੇ ਲਈ ਸੰਕਲਪ ਲਿਆ: ਕਰੀਮਪੁਰੀ





**ਜਲੰਧਰ( ਚਰਨਜੀਤ ਸੱਲ੍ਹਾਂ )** ਮੀਟਿੰਗ ਵਿੱਚ ਸੈਂਟਰਲ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਪਾਲ ਜੀ, ਬਸਪਾ ਦੇ ਸਟੇਟ ਕੋਆਰਡੀਨੇਟਰ ਸ੍ਰੀ ਅਜੀਤ ਸਿੰਘ ਭੈਣੀ, ਸਟੇਟ ਕੁਆਰਡੀਨੇਟਰ ਕੁਲਦੀਪ ਸਿੰਘ ਸਰਦੂਲਗੜ੍ਹ, ਸਟੇਟ ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ, ਸਟੇਟ ਜਨਰਲ ਸੈਕਟਰੀ ਠੇਕੇਦਾਰ ਹਰਭਜਨ ਸਿੰਘ ਬਜਹੇੜੀ ਸਟੇਟ ਜਨਰਲ ਸੈਕਟਰੀ,ਮਾਸਟਰ ਅਮਰਜੀਤ ਸਿੰਘ ਜਲੂਰ, ਰਿਟਾਇਰਡ ਆਈਏਐਸ ਅਫਸਰ ਚੌਧਰੀ ਖੁਸ਼ੀ ਰਾਮ,ਸ੍ਰੀ ਸੁਖਦੇਵ ਸਿੰਘ ਜੀਰਾ ਸਟੇਟ ਜਨਰਲ ਸੈਕਟਰੀ, ਇੰਜੀਨੀਅਰ ਜਸਵੰਤ ਰਾਏ,ਪੰਜਾਬ ਸਟੇਟ ਆਫਿਸ ਸੈਕਟਰੀ ਜਿਲਾ ਪ੍ਰਧਾਨ ਸੰਗਰੂਰ ਸਤਿਗੁਰੂ ਸਿੰਘ, ਐਡਵੋਕੇਟ ਪ੍ਰਿਤਪਾਲ ਸਿੰਘ ਪਾਲੀ, ਸ੍ਰੀ ਪੀ ਡੀ ਸ਼ਾਂਤ-ਪੰਜਾਬ ਸੰਭਾਲੋ ਮੁਹਮ ਜਿੰਦਾਬਾਦ, ਪੰਜਾਬ ਦਾ ਸੰਕਲਪ ਬਸਪਾ ਹੀ ਵਿਕਲਪ, ਪੰਜਾਬ ਸੰਭਾਲੋ ਮੁਹਿੰਮ ਨੂੰ ਘਰ ਘਰ ਤੱਕ ਪਹੁੰਚਾਇਆ ਜਾਏਗਾ । ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਕਿਹਾ ਕਿ ਅਸੀਂ ਭੈਣ ਮਾਇਆਵਤੀ ਜੀ ਰਾਸ਼ਟਰੀਏ ਪ੍ਰਧਾਨ ਬਸਪਾ ਦੇ ਕਹੇ ਅਨੁਸਾਰ ਹਰ ਸ਼ਹਿਰ,ਹਰ ਪਿੰਡ,ਹਰ ਮੁਹੱਲੇ,ਹਰ ਗਲੀ ਅਤੇ ਹਰ ਘਰ ਵਿੱਚ ਜਾਣ ਦਾ ਪ੍ਰਣ ਕਰੀਏ ਅਤੇ 2027 ਵਿੱਚ ਬਸਪਾ ਦੀ ਸਰਕਾਰ ਬਣਾਈਏ। ਇਹ ਗੱਲਬਾਤ ਬਿਲਕੁਲ ਸਾਰੇ ਵਰਕਰਾਂ ਤੇ, ਆਗੂਆਂ ਤੇ ਲਾਗੂ ਕਰੀਏ ਅਤੇ ਇਸ ਦਾ ਰਜਿਲਟ ਆਵੇਗਾ। ਕਿਉਂਕਿ ਬਾਕੀ ਸਰਕਾਰਾਂ ਅਸੀਂ ਸਭ ਨੂੰ ਦੇਖ ਲਿਆ ਹੈ ਬਸ ਆਪਣੀਂ ਪੱਗ ਦਾ ਰੰਗ ਚੇਂਜ ਕਰਦੀਆਂ ਹਨ ਆਪਣਾਂ ਦਿਮਾਗ ਉਹੀ ਰੱਖਦੀਆਂ ਹਨ।

# ਨਸ਼ੇ ਵਿਰੁੱਧ ਜੰਗ ਵਿੱਚ ਸਮਾਜ ਦੀ ਇਕਜੁੱਟਤਾ




ਨਸ਼ਾ ਅੱਜ ਦੇ ਸਮਾਜ ਦੀ ਇੱਕ ਗੰਭੀਰ ਸਮੱਸਿਆ ਬਣ ਚੁੱਕਿਆ ਹੈ, ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਹਨੇਰੇ ਵੱਲ ਧੱਕ ਰਿਹਾ ਹੈ। ਨਸ਼ਾ ਸਿਰਫ਼ ਸਰੀਰ ਨੂੰ ਹੀ ਨਹੀਂ, ਮਨ ਅਤੇ ਆਤਮਾ ਨੂੰ ਵੀ ਕਮਜ਼ੋਰ ਕਰ ਰਿਹਾ ਹੈ। ਸ਼ੁਰੂ 'ਚ ਮੌਜ-ਮਸਤੀ, ਦੋਸਤੀ ਜਾਂ ਤਣਾਅ ਤੋਂ ਬਚਣ ਲਈ ਲਿਆ ਗਿਆ ਨਸ਼ਾ ਹੌਲੀ-ਹੌਲੀ ਆਦਤ ਬਣ ਜਾਂਦਾ ਹੈ ਅਤੇ ਫਿਰ ਮਨੁੱਖ ਨੂੰ ਆਪਣੇ ਵੱਸ 'ਚ ਕਰ ਲੈਂਦਾ ਹੈ। ਜਿਸ ਦੇ ਨਤੀਜੇ ਵਜੋਂ ਪੜ੍ਹਾਈ, ਕੈਰੀਅਰ, ਪਰਿਵਾਰਕ ਰਿਸ਼ਤੇ ਅਤੇ ਸਮਾਜਿਕ ਜੀਵਨ ਸਭ ਕੁਝ ਪ੍ਰਭਾਵਿਤ ਹੁੰਦਾ ਹੈ।

ਨਸ਼ੇ ਦੀ ਲਤ ਵਿਅਕਤੀ ਨੂੰ ਸਰੀਰਕ ਤੌਰ ’ਤੇ ਬਿਮਾਰ ਅਤੇ ਮਾਨਸਿਕ ਤੌਰ ’ਤੇ ਕਮਜ਼ੋਰ ਬਨਾਉਂਦੀ ਹੈ। ਨਸ਼ੇੜੀ ਵਿਅਕਤੀ ਅਕਸਰ ਗੁੱਸੇ, ਨਿਰਾਸ਼ਾ ਅਤੇ ਇਕੱਲੇਪਨ ਦਾ ਸ਼ਿਕਾਰ ਹੋ ਜਾਂਦਾ ਹੈ। ਬਹੁਤ ਸਾਰੀਆਂ ਘਰੇਲੂ ਤਕਰਾਰਾਂ, ਅਪਰਾਧ ਅਤੇ ਹਾਦਸਿਆਂ ਦੀ ਜੜ੍ਹ ਨਸ਼ਾ ਹੀ ਹੁੰਦਾ ਹੈ। ਇਸ ਨਾਲ ਸਿਰਫ਼ ਨਸ਼ਾ ਕਰਨ ਵਾਲਾ ਹੀ ਨਹੀਂ, ਉਸਦਾ ਪੂਰਾ ਪਰਿਵਾਰ ਵੀ ਦੁੱਖ ਸਹਿੰਦਾ ਹੈ। ਮਾਂ-ਪਿਓ ਦੇ ਸੁਪਨੇ ਟੁੱਟ ਜਾਂਦੇ ਹਨ ਅਤੇ ਘਰ ਦੀ ਖੁਸ਼ੀ ਗ਼ਮਾਂ 'ਚ ਬਦਲ ਜਾਂਦੀ ਹੈ।

ਇਸ ਗੰਭੀਰ ਸਮੱਸਿਆ ਦੇ ਹੱਲ ਲਈ ਨਸ਼ਾ ਮੁਕਤੀ ਬਹੁਤ ਜ਼ਰੂਰੀ ਹੈ। ਨਸ਼ਾ ਮੁਕਤੀ ਦਾ ਪਹਿਲਾ ਕਦਮ ਇਹ ਮੰਨਣਾ ਹੈ ਕਿ ਨਸ਼ਾ ਇੱਕ ਬਿਮਾਰੀ ਹੈ ਅਤੇ ਇਸ ਦਾ ਇਲਾਜ ਸੰਭਵ ਹੈ।ਅੱਜ ਨਸ਼ਾ ਮੁਕਤੀ ਕੇਂਦਰ, ਡਾਕਟਰੀ ਇਲਾਜ ਅਤੇ ਕਾਊਂਸਲਿੰਗ ਰਾਹੀਂ ਅਨੇਕਾਂ ਲੋਕ ਆਪਣੀ ਜ਼ਿੰਦਗੀ ਮੁੜ ਸਹੀ ਰਾਹ ’ਤੇ ਲਿਆ ਰਹੇ ਹਨ। ਪਰਿਵਾਰ ਦਾ ਪਿਆਰ, ਸਮਝਦਾਰੀ ਅਤੇ ਹੌਸਲਾ ਨਸ਼ਾ ਛਡਾਉਣ ਵਿੱਚ ਸਭ ਤੋਂ ਵੱਡੀ ਤਾਕਤ ਬਣ ਰਿਹਾ ਹੈ।

ਨਸ਼ਿਆਂ ਵਿਰੁੱਧ ਮੁਹਿੰਮਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਸਰਕਾਰ, ਸਮਾਜਿਕ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਵੱਲੋਂ ਚਲਾਈਆਂ ਜਾ ਰਹੀਆਂ ਨਸ਼ਾ ਵਿਰੋਧੀ ਮੁਹਿੰਮਾਂ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਸਹਾਇਕ ਸਾਬਤ ਹੋ ਰਹੀਆਂ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਸੈਮੀਨਾਰ, ਰੈਲੀਆਂ, ਨੁਕੜ ਨਾਟਕ ਅਤੇ ਜਾਗਰੂਕਤਾ ਕੈਂਪ ਲਗਾਕੇ ਨੌਜਵਾਨਾਂ ਨੂੰ ਨਸ਼ੇ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਰੁਜ਼ਗਾਰ ਦੇ ਮੌਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਆਖ਼ਿਰ 'ਚ ਇਹ ਕਹਿਣਾ ਉਚਿਤ ਹੋਵੇਗਾ ਕਿ ਨਸ਼ਾ ਮੁਕਤੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ। ਜੇ ਅਸੀਂ ਸਾਰੇ ਮਿਲ ਕੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਜ਼ਬੂਤ ਬਣਾਈਏ ਅਤੇ ਪੀੜਤਾਂ ਨਾਲ ਨਫ਼ਰਤ ਦੀ ਥਾਂ ਹਮਦਰਦੀ ਅਤੇ ਸਹਿਯੋਗ ਦਾ ਰਵਈਆ ਅਪਣਾਈਏ ਤਾਂ ਇੱਕ ਨਸ਼ਾ-ਮੁਕਤ, ਸਿਹਤਮੰਦ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਕਿਉਂਕਿ ਸਾਡਾ ਨੌਜਵਾਨ ਵਰਗ ਸਿਰਫ਼ ਕੱਲ੍ਹ ਹੀ ਨਹੀਂ, ਅੱਜ ਦੀ ਵੀ ਆਸ ਹੈ। ਉਸਨੂੰ ਨਸ਼ਿਆਂ ਤੋਂ ਬਚਾ ਕੇ, ਸੁਰੱਖਿਅਤ ਤੇ ਸੁੰਦਰ ਜੀਵਨ ਵੱਲ ਮੋੜਨਾ ਹੀ ਖੁਸ਼ਹਾਲ ਦੇਸ਼ ਦੀ ਕੁੰਜੀ ਹੈ।



**ਪਲਕਪ੍ਰੀਤ ਕੌਰ ਬੇਦੀ**
**ਕੇ.ਐਮ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਜਲੰਧਰ**

Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com